Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 318 | 11/05/2026 | www.samajweekly.com | samajweekly | @samajweekly | samajweekly

# ਵਿਜੇ ਥਲਾਪਤੀ ਬਣੇ ਤਾਮਿਲਨਾਡੂ ਦੇ 9ਵੇਂ ਮੁੱਖ ਮੰਤਰੀ

ਅਦਾਕਾਰੀ ਤੋਂ ਸਿਆਸਤ ਵਿੱਚ ਆਏ ਸੀ ਜੋਸੇਫ ਵਿਜੈ ਨੇ ਐਤਵਾਰ ਨੂੰ ਤਾਮਿਲ ਨਾਡੂ ਦੇ ਮੁੱਖ ਮੰਤਰੀ ਵਜੋਂ ਹਲਫ਼ ਲਿਆ। ਜਵਾਹਰ ਲਾਲ ਨਹਿਰੂ ਇਨਡੋਰ ਸਟੇਡੀਅਮ ਵਿੱਚ ਰੱਖੇ ਸਮਾਗਮ ਦੌਰਾਨ ਰਾਜਪਾਲ ਰਾਜੇਂਦਰ ਵਿਸ਼ਵਨਾਥ ਅਰਲੇਕਰ ਨੇ ਵਿਜੈ ਨੂੰ ਹਲਫ਼ ਦਿਵਾਇਆ। ਵਿਜੈ ਤੋਂ ਇਲਾਵਾ 'ਬਸੀ' ਐੱਨ ਆਨੰਦ, ਆਧਵ ਅਰਜੁਨ, ਕੇ ਏ ਸੇਨਗੋਟਿਆਨ, ਕੇ ਜੀ ਅਰੁਣਰਾਜ, ਪੀ ਵੈਂਕਟਾਰਮਨਨ, ਸੀ ਟੀ ਆਰ ਨਿਰਮਲ ਕੁਮਾਰ, ਏ ਰਾਜਮੋਹਨ, ਕੀਰਤਨਾ ਤੇ ਕੇ ਟੀ ਪ੍ਰਭੂ ਨੇ ਮੰਤਰੀ ਵਜੋਂ ਹਲਫ਼ ਲਿਆ। ਸਹੁੰ ਚੁੱਕ ਸਮਾਗਮ ਵਿੱਚ ਕਾਂਗਰਸ ਆਗੂ ਰਾਹੁਲ ਗਾਂਧੀ ਸਣੇ ਕਈ ਸੀਨੀਅਰ ਆਗੂ, ਵਿਜੈ ਦਾ ਪਰਿਵਾਰ, ਅਦਾਕਾਰਾ ਤ੍ਰਿਸ਼ਾ ਤੇ ਹੋਰ ਦੋਸਤ-ਮਿੱਤਰ ਹਾਜ਼ਰ ਸਨ। ਸਾਬਕਾ ਮੁੱਖ ਮੰਤਰੀਆਂ ਡੀ ਐੱਮ ਕੇ ਮੁਖੀ ਐੱਮ ਕੇ ਸਟਾਲਿਨ ਤੇ ਅੰਨਾ ਡੀ ਐੱਮ ਕੇ ਮੁਖੀ ਈ ਕੇ ਪਲਾਨੀਸਵਾਮੀ, ਵਿਜੈ ਦੀ ਪਤਨੀ ਸੰਗੀਤਾ ਤੇ ਦੋ ਬੱਚੇ ਇਸ ਮੌਕੇ ਗੈਰ-ਹਾਜ਼ਰ ਰਹੇ। ਹਲਫ਼ਦਾਰੀ ਸਮਾਗਮ ਦੀ ਸ਼ੁਰੂਆਤ ਵੰਦੇ ਮਾਤਰਮ, ਰਾਸ਼ਟਰੀ ਗੀਤ ਤੇ ਤਾਮਿਲ ਰਾਸ਼ਟਰੀ ਗੀਤ ਨਾਲ ਹੋਈ। ਵਿਜੈ ਨੇ ਹਲਫ਼ਦਾਰੀ ਸਮਾਗਮ ਨੂੰ ਜ਼ਬਰਦਸਤ ਭਾਸ਼ਣ ਵਿੱਚ ਬਦਲਣ ਦੀ ਕੋਸ਼ਿਸ਼ ਕੀਤੀ। ਉਹ ਨਿਰਧਾਰਤ ਸਕਰਿਪਟ ਤੋਂ ਭਟਕ ਗਏ ਤੇ ਉਨ੍ਹਾਂ ਆਪਣੀ ਤਾਕਤ ਅਤੇ ਸ਼ਕਤੀ ਨੂੰ ਪ੍ਰਦਰਸ਼ਿਤ ਕਰਨ ਲਈ ਹੱਥਾਂ ਦੇ ਇਸ਼ਾਰਿਆਂ ਦੀ ਵਰਤੋਂ ਕੀਤੀ। ਹਾਲਾਂਕਿ



ਰਾਜਪਾਲ ਅਰਲੇਕਰ ਨੇ ਹਦਾਇਤ ਕੀਤੀ ਕਿ ਉਹ ਖ਼ੁਦ ਨੂੰ ਅਧਿਕਾਰਤ ਸਹੁੰ ਤੱਕ ਹੀ ਸੀਮਤ ਰੱਖਣ। ਵਿਜੈ ਦੀ ਪਾਰਟੀ ਟੀ ਵੀ ਕੇ (ਤਾਮਿਲ ਵੈਤਰੀ ਕੜਗਮ) 234 ਮੈਂਬਰੀ ਅਸੈਂਬਲੀ ਵਿੱਚ 108 ਸੀਟਾਂ ਨਾਲ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ ਹੈ। ਅਦਾਕਾਰ ਕਾਂਗਰਸ, ਵੀ ਸੀ ਕੇ, ਸੀ ਪੀ ਆਈ, ਸੀ ਪੀ ਆਈ (ਐੱਮ) ਤੇ ਆਈ ਯੂ ਐੱਮ ਐੱਲ ਦੀ ਹਮਾਇਤ ਨਾਲ 120 ਵਿਧਾਇਕਾਂ ਦੀ ਹਮਾਇਤ ਜੁਟਾਉਣ ਵਿੱਚ ਸਫਲ ਰਿਹਾ। ਸਰਕਾਰ ਬਣਾਉਣ ਲਈ 118 ਦਾ ਅੰਕੜਾ ਲੋੜੀਂਦਾ ਸੀ। ਟੀ ਵੀ ਕੇ ਮੁਖੀ ਤੇ ਮੁੱਖ ਮੰਤਰੀ ਵਿਜੈ ਨੇ ਐਤਵਾਰ ਨੂੰ ਤਿਰੁਚਿਰਾਪੱਲੀ ਪੂਰਬੀ ਹਲਕੇ ਤੋਂ ਅਸਤੀਫ਼ਾ ਦੇ ਦਿੱਤਾ ਤੇ ਪੇਰਾਂਬੁਰ ਹਲਕੇ ਤੋਂ ਮੈਂਬਰੀ ਕਾਇਮ ਰੱਖੀ। ਅਦਾਕਾਰ ਨੇ ਅਸੈਂਬਲੀ ਚੋਣਾਂ ਦੌਰਾਨ ਦੋ ਹਲਕਿਆਂ ਤੋਂ ਚੋਣ ਲੜੀ ਸੀ। ਟੀ ਵੀ ਕੇ ਵਿਧਾਇਕ ਐੱਮ ਵੀ ਕਰੁਪੱਈਆ ਨੇ ਐਤਵਾਰ ਨੂੰ ਪ੍ਰੋ-ਟੈੱਮ ਸਪੀਕਰ ਵਜੋਂ ਹਲਫ਼ ਲਿਆ। ਰਾਜਪਾਲ ਰਾਜੇਂਦਰ ਅਰਲੇਕਰ ਨੇ ਲੋਕ ਭਵਨ ਵਿੱਚ ਰੱਖੇ ਸਾਦੇ ਸਮਾਗਮ ਦੌਰਾਨ ਕਰੁਪੱਈਆ ਨੂੰ ਸਹੁੰ ਚੁਕਾਈ। ਇਸ ਮੌਕੇ ਮੁੱਖ ਮੰਤਰੀ ਜੋਸੇਫ ਸੀ ਵਿਜੈ ਵੀ ਮੌਜੂਦ ਸਨ। ਅੰਨਾ ਡੀ ਐੱਮ ਕੇ ਛੱਡ ਕੇ ਟੀ ਵੀ ਕੇ ਵਿੱਚ ਸ਼ਾਮਲ ਹੋਏ ਕਰੁਪੱਈਆ ਨੇ ਸ਼ੋਲਾਵੰਦਨ ਹਲਕੇ ਤੋਂ ਚੋਣ ਜਿੱਤੀ ਹੈ। ਨਵੀਂ ਚੁਣੀ ਅਸੈਂਬਲੀ ਦੇ ਮੈਂਬਰ ਸੋਮਵਾਰ ਨੂੰ ਹਲਫ਼ ਲੈਣਗੇ। ਸਪੀਕਰ ਤੇ ਡਿਪਟੀ ਸਪੀਕਰ ਦੀ ਚੋਣ 12 ਮਈ ਨੂੰ ਹੋਵੇਗੀ। - ਪੀਟੀਆਈ ਬਾਕਸ ਧਰਮ ਨਿਰਪੱਖ ਤੇ ਸਮਾਜਿਕ ਨਿਆਂ ਵਾਲੇ ਨਵੇਂ ਯੁੱਗ ਦੀ ਸ਼ੁਰੂਆਤ: ਵਿਜੈ ਮੁੱਖ ਮੰਤਰੀ ਵਜੋਂ ਹਲਫ਼ ਲੈਣ ਮਗਰੋਂ ਵਿਜੈ ਨੇ ਕਿਹਾ, ''ਇਹ ਸੱਜਰੀ ਤੇ ਨਵੀਂ ਸ਼ੁਰੂਆਤ ਹੈ।

## ਫ਼ਤਿਹਗੜ੍ਹ ਸਾਹਿਬ ਵਿਚ ਵਾਪਰਿਆ ਦਰਦਨਾਕ ਹਾਦਸਾ, ਤਿੰਨ ਨੌਜਵਾਨਾਂ ਦੀ ਹੋਈ ਮੌਤ

### ਤੇਜ਼ ਰਫ਼ਤਾਰ ਕਾਰ ਨੇ ਮੋਟਰਸਾਈਕਲ ਨੂੰ ਪਿੱਛੋਂ ਜ਼ੋਰਦਾਰ ਮਾਰੀ ਟੱਕਰ

**ਫ਼ਤਿਹਗੜ੍ਹ ਸਾਹਿਬ:** ਪੰਜਾਬ ਵਿਚ ਵੱਡਾ ਹਾਦਸਾ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਪਿੰਡ ਹਿੰਦੂਪੁਰ ਨੇੜੇ ਵਾਪਰੇ ਇਕ ਦਰਦਨਾਕ ਸੜਕ ਹਾਦਸੇ ਵਿਚ ਮੋਟਰਸਾਈਕਲ ਸਵਾਰ ਤਿੰਨ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਹ ਹਾਦਸਾ ਦੇਰ ਰਾਤ ਉਸ ਵੇਲੇ ਵਾਪਰਿਆ ਜਦੋਂ ਇਕ ਤੇਜ਼ ਰਫ਼ਤਾਰ ਕਾਰ ਨੇ ਮੋਟਰਸਾਈਕਲ ਨੂੰ ਪਿੱਛੋਂ ਜ਼ੋਰਦਾਰ ਟੱਕਰ ਮਾਰ ਦਿਤੀ। ਥਾਣਾ ਬਡਾਲੀ ਆਲਾ ਸਿੰਘ ਦੇ ਸਹਾਇਕ ਥਾਣੇਦਾਰ ਰਾਮ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਮ੍ਰਿਤਕਾਂ ਦੀ ਪਛਾਣ ਅਵਤਾਰ ਸਿੰਘ, ਸਤਵਿੰਦਰ ਸਿੰਘ ਤੇ ਮੋਹਨ ਸਿੰਘ ਵਜੋਂ ਹੋਈ ਹੈ, ਜੋਕਿ ਪਿੰਡ ਬੀਬੀਪੁਰ ਦੇ ਰਹਿਣ ਵਾਲੇ ਸਨ। ਇਹ ਤਿੰਨੋਂ ਵਿਅਕਤੀ ਮੋਟਰਸਾਈਕਲ 'ਤੇ ਸਵਾਰ ਹੋ ਕੇ ਬਡਾਲੀ ਆਲਾ ਸਿੰਘ ਵਾਲੀ ਸਾਈਡ ਤੋਂ ਅਪਣੇ ਪਿੰਡ ਬੀਬੀਪੁਰ ਵਲ ਜਾ ਰਹੇ ਸਨ। ਇਸ ਦੌਰਾਨ ਜਦੋਂ ਉਹ ਪਿੰਡ ਹਿੰਦੂਪੁਰ ਕੋਲ



ਪਹੁੰਚੇ ਤਾਂ ਪਿੱਛੋਂ ਆ ਰਹੀ ਇਕ ਕਾਰ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਫੇਟ ਮਾਰ ਦਿਤੀ। ਟੱਕਰ ਇੰਨੀ ਜ਼ਬਰਦਸਤ ਸੀ ਕਿ ਤਿੰਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਿਸ ਵਲੋਂ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ ਗਿਆ ਅਤੇ ਲਾਸ਼ਾਂ ਨੂੰ ਕਬਜ਼ੇ ਵਿਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿਤੀ ਗਈ ਹੈ। ਪੁਲਿਸ ਵਲੋਂ ਫਰਾਰ ਕਾਰ ਚਾਲਕ ਦੀ ਭਾਲ ਕੀਤੀ ਜਾ ਰਹੀ ਹੈ। ਇਸ ਘਟਨਾ ਕਾਰਨ ਪਿੰਡ ਬੀਬੀਪੁਰ ਵਿਚ ਸੋਗ ਦੀ ਲਹਿਰ ਫੈਲ ਗਈ ਹੈ।

## ਕੈਨੇਡਾ 'ਚ ਫ਼ੂਡ ਸੈਕਟਰ 'ਚ ਕੰਮ ਕਰਦੇ ਪੰਜਾਬੀਆਂ ਦੀ ਪੀ.ਆਰ 'ਤੇ ਛਾਇਆ ਸੰਕਟ

**ਔਟਵਾ:** ਕੈਨੇਡਾ ਵਿਚ ਪੱਕੇ ਹੋਣ (ਪੀ.ਆਰ) ਦੇ ਨਿਯਮਾਂ ਵਿਚ ਕੀਤੀਆਂ ਗਈਆਂ ਤਬਦੀਲੀਆਂ ਵਿਰੁਧ ਭਾਰਤੀ ਵਿਦਿਆਰਥੀਆਂ, ਖ਼ਾਸ ਕਰ ਕੇ ਪੰਜਾਬੀ ਨੌਜਵਾਨਾਂ ਦਾ ਰੋਸ ਵਧਦਾ ਜਾ ਰਿਹਾ ਹੈ। ਕੈਨੇਡਾ ਦੀ ਪੀ.ਆਰ. ਲਈ ਜੂਝ ਰਹੇ ਪੰਜਾਬੀ ਨੌਜਵਾਨਾਂ ਦਾ ਇਕ ਹੋਰ ਧਰਨਾ ਨੋਵਾ ਸਕੋਸ਼ੀਆ ਦੇ ਹੈਲੀਫ਼ੈਕਸ ਵਿਖੇ ਆਰੰਭ ਹੋ ਗਿਆ ਹੈ।

ਬਰੈਂਪਟਨ ਅਤੇ ਵਿੰਨੀਪੈਗ ਵਿਖੇ ਰੋਸ ਵਿਖਾਵਿਆਂ ਤੋਂ ਬਾਅਦ ਹੈਲੀਫ਼ੈਕਸ ਦੇ ਗੁਰਦੁਆਰਾ ਸਾਹਿਬ ਵਿਚ ਧਰਨੇ 'ਤੇ ਬੈਠੇ ਨੌਜਵਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਵਰਕ ਪਰਮਿਟ ਐਕਸਪਾਇਰ ਹੋਣ ਵਾਲਾ ਹੈ ਅਤੇ ਐਨ ਮੌਕੇ 'ਤੇ ਪੀ.ਆਰ. ਫ਼ਾਈਲਾਂ ਰੱਦ ਕਰ ਦਿਤੀਆਂ ਗਈਆਂ। ਉਨ੍ਹਾਂ ਕਿਹਾ ਕਿ ਪਰਮਾਨੈਂਟ ਰੈਜ਼ੀਡੈਂਸੀ ਵਾਲੀਆਂ ਫ਼ਾਈਲਾਂ ਦਾਖ਼ਲ ਕਰਨ ਵੇਲੇ ਫ਼ੂਡ ਐਂਡ ਸਰਵਿਸ ਸੈਕਟਰ ਨੂੰ ਤਰਜੀਹੀ ਸੂਚੀ ਵਿਚੋਂ ਬਾਹਰ ਨਹੀਂ ਸੀ ਕੀਤਾ ਗਿਆ ਪਰ ਅੱਧ ਵਿਚਾਲੇ ਨਿਯਮ ਬਦਲ ਗਏ ਅਤੇ ਹੁਣ ਉਨ੍ਹਾਂ ਲਈ ਸਾਰੇ ਦਰਵਾਜ਼ੇ ਬੰਦ ਹੋ ਚੁੱਕੇ ਹਨ। ਨਵੇਂ ਨਿਯਮਾਂ ਤਹਿਤ ਸਬਵੇਅ, ਟਿਮ ਹੌਰਟਨਜ਼, ਗੈਸ



ਸਟੇਸ਼ਨ ਅਤੇ ਗ੍ਰੋਸਰੀ ਸਟੋਰਜ਼ ਵਿਚ ਫ਼ੂਡ ਸੁਪਰਵਾਈਜ਼ਰ ਜਾਂ ਰਿਟੇਲ ਮੈਨੇਜਰ ਵਜੋਂ ਕੰਮ ਕਰਨ ਵਾਲੇ ਇੰਟਰਨੈਸ਼ਨਲ ਸਟੂਡੈਂਟਸ ਲਈ ਪੀ.ਆਰ. ਦੇ ਰਾਹ ਬੰਦ ਕਰ ਦਿਤੇ ਗਏ। ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਸਰਵਿਸ ਸੈਕਟਰ (ਜਿਵੇਂ ਕਿ ਰੈਸਟੋਰੈਂਟ, ਡਿਲੀਵਰੀ ਅਤੇ ਹੋਰ ਆਮ ਨੌਕਰੀਆਂ) ਵਿਚ ਕੰਮ ਕਰਨ ਵਾਲੇ ਵਿਦਿਆਰਥੀਆਂ ਲਈ ਪੱਕੇ ਹੋਣ ਦੇ ਮੌਕੇ ਲਗਭਗ ਖ਼ਤਮ ਕਰ ਦਿਤੇ ਹਨ। ਇਕੱਲੇ ਨੋਵਾ ਸਕੋਸ਼ੀਆ ਵਿਚ ਸੈਂਕੜੇ ਪੰਜਾਬੀ ਨੌਜਵਾਨ ਮੌਜੂਦ ਹਨ ਜੋ ਇਨ੍ਹਾਂ ਖੇਤਰਾਂ ਵਿਚ ਕੰਮ ਕਰਦਿਆਂ ਪੀ.ਆਰ. ਹਾਸਲ ਕਰਨ ਦੇ ਯਤਨ ਕਰ ਰਹੇ ਸਨ। ਧਰਨੇ 'ਤੇ ਬੈਠੇ ਨੌਜਵਾਨਾਂ ਨੇ ਕਿਹਾ ਕਿ ਬਗ਼ੈਰ ਕਿਸੇ ਅਗਾਊਂ ਸੂਚਨਾ ਤੋਂ ਉਨ੍ਹਾਂ ਦੇ ਪੇਸ਼ੇਵਰ ਖੇਤਰ ਨੂੰ ਪੀ.ਆਰ. ਲਈ ਤਰਜੀਹੀ ਸੂਚੀ ਵਿਚੋਂ ਬਾਹਰ ਕੱਢ ਦਿਤਾ ਗਿਆ। ਇਥੇ ਦਸਣਾ ਬਣਦਾ ਹੈ ਕਿ ਨੋਵਾ ਸਕੋਸ਼ੀਆ ਸਰਕਾਰ ਵਲੋਂ ਪ੍ਰੋਵਿਨਸ਼ੀਅਲ ਨੌਮਿਨੀ ਪ੍ਰੋਗਰਾਮ ਤਹਿਤ ਸਿਰਫ਼ ਹੈਲਥਕੇਅਰ ਅਤੇ ਕੰਸਟਰਕਸ਼ਨ ਸੈਕਟਰ ਵਰਗੇ ਖੇਤਰਾਂ ਨੂੰ ਤਰਜੀਹ ਦਿਤੀ ਜਾ ਰਹੀ ਹੈ।

# ਬੰਗਲਾਦੇਸ਼ ਭਾਰਤ ਨਾਲ ਦੋਸਤਾਨਾ ਸਬੰਧਾਂ ਦਾ ਚਾਹਵਾਨ, ਸਰਹੱਦ 'ਤੇ ਹੋ ਰਹੀਆਂ ਹੱਤਿਆਵਾਂ 'ਤੇ ਜਤਾਈ ਚਿੰਤਾ

**ਢਾਕਾ:** ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਤਾਰਿਕ ਰਹਿਮਾਨ ਦੇ ਇੱਕ ਸੀਨੀਅਰ ਸਲਾਹਕਾਰ ਨੇ ਐਤਵਾਰ ਨੂੰ ਕਿਹਾ ਕਿ ਢਾਕਾ ਨਵੀਂ ਦਿੱਲੀ ਨਾਲ "ਦੋਸਤਾਨਾ ਸਬੰਧ" ਚਾਹੁੰਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਪਿਛਲੇ ਹਫਤੇ ਭਾਰਤ ਨਾਲ ਲੱਗਦੀ ਸਰਹੱਦ 'ਤੇ ਦੋ ਬੰਗਲਾਦੇਸ਼ੀ ਨਾਗਰਿਕਾਂ ਦੀ ਹੱਤਿਆ 'ਤੇ ਚਿੰਤਾ ਪ੍ਰਗਟਾਈ।ਸ਼ੁੱਕਰਵਾਰ ਰਾਤ ਨੂੰ ਤ੍ਰਿਪੁਰਾ ਦੇ ਸਿਪਾਹੀਜਾਲਾ ਜ਼ਿਲ੍ਹੇ ਵਿੱਚ ਸੀਮਾ ਸੁਰੱਖਿਆ ਬਲ (ਭਸ਼ਢ) ਵੱਲੋਂ ਦੋ ਸ਼ੱਕੀ ਬੰਗਲਾਦੇਸ਼ੀ ਤਸਕਰਾਂ ਨੂੰ ਗੋਲੀ ਮਾਰ ਦਿੱਤੀ ਗਈ ਸੀ। ਬੀ.ਐਸ.ਐਫ. ਅਤੇ ਬਾਰਡਰ ਗਾਰਡਜ਼ ਬੰਗਲਾਦੇਸ਼ ਦੇ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਕਮਲਾਸਾਗਰ ਬੀ.ਓ.ਪੀ. ਰਾਹੀਂ ਲਾਸ਼ਾਂ ਉਨ੍ਹਾਂ ਦੇ ਵਾਰਸਾਂ ਨੂੰ ਸੌਂਪ ਦਿੱਤੀਆਂ ਗਈਆਂ ਸਨ।ਪ੍ਰਧਾਨ ਮੰਤਰੀ ਦੇ ਸਿਆਸੀ ਸਲਾਹਕਾਰ ਰੂਹੁਲ ਕਬੀਰ ਰਿਜ਼ਵੀ ਨੇ ਐਤਵਾਰ ਨੂੰ ਕਿਹਾ, "ਅਸੀਂ ਦੋਸਤਾਨਾ ਸਬੰਧ



ਚਾਹੁੰਦੇ ਹਾਂ, ਪਰ ਜੇਕਰ ਸਰਹੱਦ ਵਾਰ-ਵਾਰ ਖ਼ੂਨੀ ਹੁੰਦੀ ਰਹੀ ਤਾਂ ਚੰਗੇ ਸਬੰਧ ਕਾਇਮ ਨਹੀਂ ਰੱਖੇ ਜਾ ਸਕਦੇ।" ਰਿਜ਼ਵੀ ਨੇ ਡਿਪਲੋਮਾ ਇੰਜੀਨੀਅਰਾਂ ਦੇ ਰਾਸ਼ਟਰੀ ਸੰਮੇਲਨ ਨੂੰ ਸੰਬੋਧਨ ਕਰਦਿਆਂ ਦੋ ਸ਼ੱਕੀ ਤਸਕਰਾਂ ਦੇ ਮਾਰੇ ਜਾਣ ਦਾ ਜ਼ਿਕਰ ਕੀਤਾ। ਉਨ੍ਹਾਂ ਅੱਗੇ ਕਿਹਾ, "ਕੱਲ੍ਹ ਵੀ ਬ੍ਰਾਹਮਣਬਾਰੀਆ ਸਰਹੱਦ 'ਤੇ ਦੋ ਲੋਕਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।"ਸੱਤਾਧਾਰੀ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਭੰਫ) ਦੇ ਸੀਨੀਅਰ ਸੰਯੁਕਤ ਸਕੱਤਰ ਜਨਰਲ ਰਿਜ਼ਵੀ ਨੇ ਕਿਹਾ ਕਿ ਭਾਰਤ ਦੇ ਲੋਕ ਵੀ ਅਜਿਹੀ ਘਟਨਾ ਨਹੀਂ ਦੇਖਣਾ ਚਾਹੁੰਦੇ। ਭਾਰਤ ਵਿੱਚ ਹਾਲ ਹੀ ਵਿੱਚ ਹੋਈਆਂ ਰਾਜ ਵਿਧਾਨ ਸਭਾ ਚੋਣਾਂ ਦੇ ਸੰਦਰਭ ਵਿੱਚ, ਬੀ.ਐਨ.ਪੀ. ਆਗੂ ਨੇ ਕਿਹਾ ਕਿ ਇਹ ਫੈਸਲਾ ਕਰਨਾ ਭਾਰਤੀ ਲੋਕਾਂ ਦਾ "ਪੂਰੀ ਤਰ੍ਹਾਂ ਅੰਦਰੂਨੀ ਮਾਮਲਾ" ਹੈ।

# ਪਹਿਲੀ ਵਾਰ ਤੈਰਾਕੀ ਸਿੱਖਣ ਗਿਆ ਵਿਦਿਆਰਥੀ ਪਾਣੀ 'ਚ ਡੁੱਬਿਆ, ਮੌਤ

**ਕਪੂਰਥਲਾ:** ਕਪੂਰਥਲਾ ਦੇ ਰੇਲ ਕੋਚ ਫ਼ੈਕਟਰੀ ਕੰਪਲੈਕਸ 'ਚ ਬੀਤੇ ਦਿਨ ਇਕ 11 ਸਾਲਾ ਵਿਦਿਆਰਥੀ ਦੇ ਸਵੀਮਿੰਗ ਪੂਲ 'ਚ ਡੁੱਬਣ ਨਾਲ ਮੌਤ ਹੋ ਗਈ। ਹਾਲਾਂਕਿ ਮ੍ਰਿਤਕ ਬੱਚੇ ਦੇ ਪਰਿਵਾਰ ਨੇ ਇਸ ਮਾਮਲੇ 'ਚ ਪੁਲਿਸ ਕਾਰਵਾਈ ਤੋਂ ਸਾਫ਼ ਇਨਕਾਰ ਕਰ ਦਿਤਾ ਹੈ ਅਤੇ ਅੱਜ ਉਸ ਦਾ ਅੰਤਮ ਸਸਕਾਰ ਕਰ ਦਿਤਾ ਗਿਆ। ਇਸ ਘਟਨਾ ਤੋਂ ਬਾਅਦ ਆਰ. ਸੀ. ਐਫ਼. ਕਰਮਚਾਰੀ ਯੂਨੀਅਨ ਦੇ ਆਗੂਆਂ ਨੇ ਪ੍ਰਸ਼ਾਸਨਿਕ ਪ੍ਰਣਾਲੀ 'ਤੇ ਗੰਭੀਰ ਸਵਾਲ ਉਠਾਏ ਹਨ। ਡੀ. ਐੱਸ. ਪੀ. ਸ਼ੀਤਲ ਸਿੰਘ ਨੇ ਕਿਹਾ ਕਿ ਪੀੜਤ ਪਰਿਵਾਰ ਨੇ ਕੋਈ ਕਾਰਵਾਈ ਨਾ ਕਰਨ ਦੀ ਗੱਲ ਕਹੀ ਹੈ। ਯੂਨੀਅਨ ਆਗੂਆਂ ਦਾ ਦੋਸ਼ ਹੈ ਕਿ ਹਾਦਸੇ ਤੋਂ ਬਾਅਦ ਜਦੋਂ ਐਮਰਜੈਂਸੀ ਐਂਬੂਲੈਂਸ ਬੁਲਾਈ ਗਈ ਤਾਂ ਉਹ ਸਮੇਂ 'ਤੇ ਸਟਾਰਟ ਨਹੀਂ ਹੋ ਸਕੀ ਅਤੇ ਬੇਹੋਸ਼ ਬੱਚੇ ਨੂੰ ਸਾਈਕਲ 'ਤੇ ਆਰ. ਸੀ. ਐਫ਼. ਸਿਵਲ ਹਸਪਤਾਲ ਲਿਆਉਣਾ ਪਿਆ ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿਤਾ।



# ਕਤਲ ਜਾਂ ਕਤਲ ਲਈ ਉਕਸਾਉਣ ਦਾ ਦੋਸ਼ੀ ਵਿਅਕਤੀ ਪੀੜਤ ਦੀ ਜਾਇਦਾਦ ਦਾ ਵਾਰਸ ਨਹੀਂ ਹੋ ਸਕਦਾ: ਸੁਪਰੀਮ ਕੋਰਟ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਇੱਕ ਮਹੱਤਵਪੂਰਨ ਫੈਸਲੇ ਵਿੱਚ ਕਿਹਾ ਹੈ ਕਿ ਕਿਸੇ ਵਿਅਕਤੀ ਦੀ ਹੱਤਿਆ ਕਰਨ ਜਾਂ ਉਕਸਾਉਣ ਦੇ ਇਲਜ਼ਾਮ ਵਾਲੇ ਵਿਅਕਤੀ ਨੂੰ ਪੀੜਤ ਦੀ ਜਾਇਦਾਦ ਵਿਰਾਸਤ ਵਿੱਚ ਨਹੀਂ ਮਿਲ ਸਕਦੀ। ਇਹ ਨਿਯਮ ਉਦੋਂ ਵੀ ਲਾਗੂ ਹੋਵੇਗਾ ਜਦੋਂ ਹੱਤਿਆ ਦਾ ਮੁਕੱਦਮਾ ਚੱਲ ਰਿਹਾ ਹੋਵੇ । ਜਸਟਿਸ ਜੇ. ਬੀ. ਪਾਰਦੀਵਾਲਾ ਅਤੇ ਆਰ. ਮਹਾਦੇਵਨ ਦੀ ਬੈਂਚ ਨੇ ਇਹ ਮਹੱਤਵਪੂਰਨ ਫੈਸਲਾ ਸੁਣਾਇਆ । ਬੈਂਚ ਨੇ ਸਪੱਸ਼ਟ ਕੀਤਾ ਕਿ ਜਾਇਦਾਦ ਵਿਰਾਸਤ ਵਿੱਚ ਪਾਉਣ ਦੀ ਇਹ ਅਯੋਗਤਾ ਵਸੀਅਤ ਰਾਹੀਂ ਅਤੇ ਬਿਨਾਂ ਵਸੀਅਤ ਵਾਲੇ ਦੋਵਾਂ ਤਰ੍ਹਾਂ ਦੇ ਉੱਤਰਾਧਿਕਾਰ ਉੱਤੇ ਲਾਗੂ ਹੋਵੇਗੀ। ਸਰਵਉੱਚ ਅਦਾਲਤ ਨੇ ਕਿਹਾ ਕਿ ਹੱਤਿਆ ਦੇ ਇਲਜ਼ਾਮ ਵਾਲੇ ਵਿਅਕਤੀ ਨੂੰ ਹਿੰਦੂ ਉੱਤਰਾਧਿਕਾਰ ਐਕਟ ਦੀ ਧਾਰਾ 25 ਤਹਿਤ ਜਾਇਦਾਦ ਦੇ ਹੱਕ ਤੋਂ ਵਾਂਝਾ ਕੀਤਾ ਜਾਵੇਗਾ।ਇਸ ਤੋਂ ਇਲਾਵਾ, ਨਿਆਂ, ਨਿਰਪੱਖਤਾ ਅਤੇ ਬਰਾਬਰੀ ਦੇ ਸਿਧਾਂਤਾਂ ਦੇ ਆਧਾਰ ਉੱਤੇ ਵੀ ਉਸ ਨੂੰ ਇਹ ਹੱਕ ਨਹੀਂ ਮਿਲੇਗਾ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਕਿ ਨਾਗਰਿਕ



ਕਾਰਵਾਈ ਵਿੱਚ ਸਖ਼ਤ ਸਬੂਤ ਲਾਜ਼ਮੀ ਨਹੀਂ ਹਨ। ਜੇਕਰ ਸੰਭਾਵਨਾਵਾਂ ਦਾ ਪਲੜਾ ਅਪਰਾਧ ਵੱਲ ਇਸ਼ਾਰਾ ਕਰਦਾ ਹੈ, ਤਾਂ ਵੀ ਇਹ ਨਿਯਮ ਲਾਗੂ ਹੋਵੇਗਾ। ਬੈਂਚ ਨੇ ਖਾਸ ਤੌਰ ਉੱਤੇ ਹਿੰਦੂ ਉੱਤਰਾਧਿਕਾਰ ਐਕਟ ਦੀ ਧਾਰਾ 25 ਦਾ ਜ਼ਿਕਰ ਕੀਤਾ। ਇਹ ਧਾਰਾ ਹੱਤਿਆ ਕਰਨ ਜਾਂ ਉਕਸਾਉਣ ਵਾਲੇ ਵਿਅਕਤੀ ਨੂੰ ਮ੍ਰਿਤਕ ਦੀ ਜਾਇਦਾਦ ਵਿਰਾਸਤ ਵਿੱਚ ਲੈਣ ਤੋਂ ਅਯੋਗ ਠਹਿਰਾਉਂਦੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਹੱਤਿਆ ਦੇ ਇਲਜ਼ਾਮ ਵਾਲੇ ਵਿਅਕਤੀ ਨੂੰ ਜਾਇਦਾਦ ਦੇ ਹੱਕ ਤੋਂ ਵਾਂਝਾ ਕਰਨਾ ਹਿੰਦੂ ਉੱਤਰਾਧਿਕਾਰ ਐਕਟ ਦੀ ਧਾਰਾ 25 ਦੇ ਅਨੁਸਾਰ ਹੈ। ਇਹ ਧਾਰਾ ਸਪੱਸ਼ਟ ਤੌਰ ਉੱਤੇ ਹੱਤਿਆਰੇ ਜਾਂ ਹੱਤਿਆ ਲਈ ਉਕ-ਸਾਉਣ ਵਾਲੇ ਨੂੰ ਮ੍ਰਿਤਕ ਦੀ ਜਾਇਦ-ਾਦ ਦਾ ਵਾਰਸ ਬਣਨ ਤੋਂ ਰੋਕਦੀ ਹੈ। ਅਦਾਲਤ ਨੇ ਨਿਆਂ ਅਤੇ ਨਿਰਪੱਖਤਾ ਦੇ ਵਿਸ਼ਾਲ ਸਿਧਾਂਤਾਂ ਉੱਤੇ ਵੀ ਜ਼ੋਰ ਦਿੱਤਾ। ਇਸ ਦਾ ਮਤਲਬ ਹੈ ਕਿ ਭਾਵੇਂ ਅਪਰਾਧਿਕ ਮੁਕੱਦਮਾ ਚੱਲ ਰਿਹਾ ਹੋਵੇ, ਨਾਗਰਿਕ ਕਾਰਵਾਈ ਵਿੱਚ ਉੱਤਰਾਧਿਕਾਰ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ। ਇਹ ਫੈਸਲਾ ਕਰਨਾਟਕ ਹਾਈ ਕੋਰਟ ਦੇ ਇੱਕ ਆਦੇਸ਼ ਨੂੰ ਚੁਣੌਤੀ ਦੇਣ ਵਾਲੀ ਯਾਚਿਕਾ ਉੱਤੇ ਆਇਆ, ਜਿਸ ਨੇ ਜਾਇਦਾਦ ਦੇ ਉੱਤਰਾਧਿਕਾਰ ਨਾਲ ਸਬੰਧਤ ਬੈਂਗਲੁਰੂ ਦੀ ਇੱਕ ਸਿਵਲ ਅਦਾਲਤ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਸੀ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਬਿਹਾਰ ਰੇਲਵੇ ਸਟੇਸ਼ਨ ਤੋਂ 21 ਬੱਚਿਆਂ ਨੂੰ ਬਚਾਇਆ ਗਿਆ, ਸ਼ੱਕੀ ਤਸਕਰ ਗ੍ਰਿਫ਼ਤਾਰ




**ਪਟਨਾ :** ਬਿਹਾਰ ਦੇ ਪੂਰਬੀ ਚੰਪਾਰਣ ਜ਼ਿਲ੍ਹੇ ਦੇ ਇੱਕ ਰੇਲਵੇ ਸਟੇਸ਼ਨ ਤੋਂ 21 ਬੱਚਿਆਂ ਨੂੰ ਬਚਾਇਆ ਗਿਆ ਅਤੇ ਇੱਕ ਸ਼ੱਕੀ ਤਸਕਰ ਨੂੰ ਹਿਰਾਸਤ ਵਿੱਚ ਲਿਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਰੇਲਵੇ ਸੁਰੱਖਿਆ ਬਲ (ਆਰ.ਪੀ.ਐਫ.) ਨੇ ਇੱਕ ਐਨ.ਜੀ.ਓ. ਦੀ ਮਦਦ ਨਾਲ ਬਾਪੂਧਾਮ ਮੋਤੀਹਾਰੀ ਰੇਲਵੇ ਸਟੇਸ਼ਨ ਤੋਂ ਬੱਚਿਆਂ ਨੂੰ ਬਚਾਇਆ। ਸਰਕਾਰੀ ਰੇਲਵੇ ਪੁਲਿਸ (ਜੀ.ਆਰ.ਪੀ.) ਦੇ ਸਟੇਸ਼ਨ ਹਾਊਸ ਅਫਸਰ ਸੰਤੋਸ਼ ਕੁਮਾਰ ਨੇ ਕਿਹਾ ਕਿ ਬਚਾਏ ਗਏ ਬੱਚਿਆਂ ਨੂੰ ਡਾਕਟਰੀ ਜਾਂਚ ਲਈ ਭੇਜਿਆ ਗਿਆ ਹੈ। "ਮਨੁੱਖੀ ਤਸਕਰੀ ਦੇ ਮਾਮਲੇ ਦੀ ਕੀਤੀ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਬੱਚਿਆਂ ਨੂੰ ਸਿੱਖਿਆ ਦੇਣ ਦੇ ਬਹਾਨੇ ਇੱਕ ਬਿਨਾਂ ਲਾਇਸੈਂਸ ਵਾਲੇ ਹੋਸਟਲ ਵਿੱਚ ਰੱਖਿਆ ਗਿਆ ਸੀ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਰੂਪਨਗਰ: ਨੂਰਪੁਰ ਬੇਦੀ ’ਚ ਚੱਲੀਆਂ ਗੋਲੀਆਂ, ਇੱਕ ਨੌਜਵਾਨ ਦੀ ਮੌਤ



**ਰੂਪਨਗਰ:** ਅੱਜ ਦੇਰ ਸ਼ਾਮ ਨੂਰਪੁਰ ਬੇਦੀ ਦੇ ਇੱਕ ਸ਼ੋ ਰੂਮ ਅੱਗੇ ਕੁਝ ਅਣਪਛਾਤੇ ਨੌਜਵਾਨਾਂ ਵੱਲੋਂ ਚਲਾਈਆਂ ਗੋਲੀਆਂ ਚ ਇੱਕ ਨੌਜਵਾਨ ਦੀ ਮੌਤ ਹੋਣ ਦੀ ਖਬਰ ਹੈ। ਮਿਲੀ ਜਾਣਕਾਰੀ ਮੁਤਾਬਕ ਮ੍ਰਿਤਕ ਨੌਜਵਾਨ ਹਰਮੋਲ ਸਿੰਘ (25) ਪੁੱਤਰ ਜਸਵੀਰ ਸਿੰਘ ਪਿੰਡ ਸ਼ਾਹਪੁਰ ਬੇਲਾ ਦੱਸਿਆ ਗਿਆ ਹੈ। ਪਤਾ ਲੱਗਾ ਹੈ ਕਿ ਗੋਲੀ ਦਾ ਸ਼ਿਕਾਰ ਹੋਇਆ ਨੌਜਵਾਨ ਆਪਣੇ ਇੱਕ ਸਾਥੀ ਨਾਲ ਆਜਮਪਰ ਨਜਦੀਕ ਖੁਲੇ ਭੁੱਲਰ ਇਲੈਕਟਰੋਨਸ ਸ਼ੋਰੂਮ ਤੋਂ ਸਮਾਨ ਲੈ ਕੇ ਨਿਕਲੇ ਸਨ ਕਿ ਸੜਕ ’ਤੇ ਖੜੇ ਕੁਝ ਅਣਪਛਾਤੇ ਨੌਜਵਾਨਾਂ ਨੇ ਉਕਤ ਨੌਜਵਾਨ ’ਤੇ ਗੋਲੀਆਂ ਚਲਾ ਦਿੱਤੀਆਂ। ਜਿਸ ਨੂੰ ਸਿੰਘਪੁਰ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਇਸ ਸਬੰਧੀ ਨੂਰਪੁਰ ਬੇਦੀ ਪੁਲਿਸ ਥਾਣੇ ਦੇ ਐਸਐਚਓ ਰੋਹਿਤ ਸ਼ਰਮਾ ਨੇ ਦੱਸਿਆ ਕਿ ਉਹ ਪੁਲਿਸ ਪਾਰਟੀ ਸਮੇਤ ਘਟਨਾ ਸਥਾਨ ’ਤੇ ਜਾ ਕੇ ਮਾਮਲੇ ਦੀ ਜਾਂਚ ਵਿੱਚ ਜੁੱਟ ਗਏ ਹਨ। ਉਹਨਾਂ ਕਿਹਾ ਕਿ ਗੋਲੀ ਦਾ ਸ਼ਿਕਾਰ ਹੋਏ ਨੌਜਵਾਨ ਦੀ ਮ੍ਰਿਤਕ ਦੇਹ ਨੂੰ ਸਿਵਲ ਹਸਪਤਾਲ ਰੂਪਨਗਰ ਵਿਖੇ ਪੋਸਟਮਾਰਟਮ ਲਈ ਭੇਜਿਆ ਗਿਆ ਹੈ। ਉੱਧਰ ਦੂਜੇ ਪਾਸੇ ਹਰਜੋਤ ਸਿੰਘ ਸਿੱਧੂ ਪੁੱਤਰ ਹਰਮਿੰਦਰ ਸਿੰਘ ਸਿੱਧੂ ਵਾਸੀ ਪਿੰਡ ਸ਼ਾਹਪੁਰ ਬੇਲਾ ਨੇ ਕਤਲ ਦੀ ਜ਼ਿੰਮੇਵਾਰੀ ਲੈਣ ਦਾ ਦਾਅਵਾ ਕੀਤਾ ਹੈ। ਪੁਲਿਸ ਵੱਲੋਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਜਾਰੀ ਹੈ।

# ਮੰਤਰੀ ਸੰਜੀਵ ਅਰੋੜਾ ਦਾ ਮਿਲਿਆ 7 ਦਿਨਾਂ ਦਾ ਰਿਮਾਂਡ, ਗੁਰੂਗ੍ਰਾਮ ਸੈਸ਼ਨ ਅਦਾਲਤ ਵਿਚ ਕੀਤਾ ਗਿਆ ਸੀ ਪੇਸ਼

## ਬੀਤੇ ਦਿਨ ਮਨੀ ਲਾਂਡਰਿੰਗ ਮਾਮਲੇ ਵਿਚ ਕੀਤਾ ਸੀ ਗ੍ਰਿਫ਼ਤਾਰ



**ਚੰਡੀਗੜ੍ਹ।** ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਸਰਕਾਰ ਦੇ ਮੰਤਰੀ ਸੰਜੀਵ ਅਰੋੜਾ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਮਨੀ ਲਾਂਡਰਿੰਗ ਦੇ ਇੱਕ ਮਾਮਲੇ ਵਿੱਚ ਗ੍ਰਿਫ਼ਤਾਰ ਕਰ ਲਿਆ ਹੈ। ਸ਼ਨੀਵਾਰ ਨੂੰ ਛਾਪੇਮਾਰੀ ਦੌਰਾਨ ਉਹ ਚੰਡੀਗੜ੍ਹ ਦੇ ਸੈਕਟਰ 2 ਸਥਿਤ ਆਪਣੀ ਸਰਕਾਰੀ ਰਿਹਾਇਸ਼ 'ਤੇ ਸਨ।

ਟੀਮ ਨੇ ਉਨ੍ਹਾਂ ਤੋਂ ਲਗਭਗ 10 ਘੰਟੇ ਪੁੱਛਗਿੱਛ ਕੀਤੀ। ਫਿਰ, ਸ਼ਾਮ 5 ਵਜੇ ਦੇ ਕਰੀਬ, ਈਡੀ ਦੀ ਟੀਮ ਉਨ੍ਹਾਂ ਨੂੰ ਚੰਡੀਗੜ੍ਹ ਅਤੇ ਹਰਿਆਣਾ ਰਜਿਸਟ੍ਰੇਸ਼ਨ ਨੰਬਰਾਂ ਵਾਲੀਆਂ ਗੱਡੀਆਂ ਵਿੱਚ ਦਿੱਲੀ ਲੈ ਗਈ। ਇਸ ਤੋਂ ਪਹਿਲਾਂ ਮੰਤਰੀ ਨੂੰ ਉਸ ਰਾਤ ਗੁਰੂਗ੍ਰਾਮ ਦੀ ਇੱਕ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਮੰਤਰੀ ਨੂੰ ਸੱਤ ਦਿਨਾਂ ਦੇ ਰਿਮਾਂਡ 'ਤੇ ਭੇਜ ਦਿੱਤਾ। ਇਸ ਦੌਰਾਨ, ਟੀਮ ਹੋਰ ਪੁੱਛਗਿੱਛ ਕਰੇਗੀ। ਮੰਤਰੀ ਹੁਣ 16 ਮਈ ਨੂੰ ਦੁਬਾਰਾ ਅਦਾਲਤ ਵਿੱਚ ਪੇਸ਼ ਹੋਣਗੇ। ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਅੱਜ ਆਮ ਆਦਮੀ ਪਾਰਟੀ (ਆਪ) ਪੰਜਾਬ ਭਰ ਵਿੱਚ ਭਾਜਪਾ ਵਿਰੁੱਧ ਪ੍ਰਦਰਸ਼ਨ ਕਰੇਗੀ ਅਤੇ ਜ਼ਿਲ੍ਹਾ ਹੈੱਡਕੁਆਰਟਰ ਦਫ਼ਤਰਾਂ ਦਾ ਘਿਰਾਓ ਕਰੇਗੀ। ਇਸ ਦੌਰਾਨ, 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮੋਦੀ ਦੇ ਰਾਜ ਵਿੱਚ ਏਜੰਸੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਮੋਦੀ ਪੰਜਾਬ ਦੇ ਲੋਕਾਂ ਨਾਲ ਧੋਖਾ ਕਰ ਰਹੇ ਹਨ। ਈਡੀ ਨੂੰ ਪਾਰਟੀ ਨੂੰ ਤੋੜਨ ਲਈ ਤਾਇਨਾਤ ਕੀਤਾ ਗਿਆ ਹੈ।

ਸੰਜੀਵ ਅਰੋੜਾ ਦੇ ਵਕੀਲ ਅਰਜੁਨ ਨੇ ਦੱਸਿਆ ਕਿ ਉਨ੍ਹਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ, ਈਡੀ ਨੇ 10 ਦਿਨਾਂ ਦਾ ਰਿਮਾਂਡ ਮੰਗਿਆ ਸੀ। ਇਸ ਲਈ ਇੱਕ ਅਰਜ਼ੀ ਦਾਇਰ ਕੀਤੀ ਗਈ ਸੀ। ਇਸ ਮਾਮਲੇ 'ਤੇ ਅਦਾਲਤ ਵਿੱਚ ਬਹਿਸ ਹੋਈ, ਅਤੇ ਈਡੀ ਨੂੰ ਸੱਤ ਦਿਨਾਂ ਦਾ ਰਿਮਾਂਡ ਦਿੱਤਾ ਗਿਆ। ਵਕੀਲ ਨੇ ਕਿਹਾ, "ਅਸੀਂ ਆਪਣਾ ਮੁੱਦਾ ਉਠਾਇਆ ਹੈ। ਈਡੀ ਨੇ ਕੋਈ ਜਾਂਚ ਨਹੀਂ ਕੀਤੀ। ਉਨ੍ਹਾਂ ਨੇ 5 ਮਈ ਨੂੰ ਕੇਸ ਦਰਜ ਕੀਤਾ ਅਤੇ 9 ਮਈ ਨੂੰ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ। ਇਹ ਸਾਰਾ ਮਾਮਲਾ ਰਾਜਨੀਤੀ ਤੋਂ ਪ੍ਰੇਰਿਤ ਹੈ।"

# ਹਿਮਾਚਲ ਪ੍ਰਦੇਸ਼ ਦੇ ਪਾਲਮਪੁਰ ਦੀ ਅਨਮੋਲ ਨੇ 700 ’ਚੋਂ 699 ਅੰਕ ਲੈ ਕੇ ਪਹਿਲਾ ਸਥਾਨ ਕੀਤਾ ਹਾਸਲ

## ਉੱਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਨੇ ਵੀਡੀਓ ਕਾਲ ਕਰਕੇ ਦਿੱਤੀ ਵਧਾਈ



**ਸ਼ਿਮਲਾ :** ਹਿਮਾਚਲ ਪ੍ਰਦੇਸ਼ ਸਕੂਲ ਐਜੂਕੇਸ਼ਨ ਬੋਰਡ ਧਰਮਸ਼ਾਲਾ ਵੱਲੋਂ ਦਸਵੀਂ ਜਮਾਤ ਦੇ ਨਤੀਜਿਆਂ ਦਾ ਐਲਾਨ ਕਰ ਦਿੱਤਾ ਗਿਆ ਹੈ। ਐਲਾਨੇ ਨਤੀਜਿਆਂ ’ਚ ਪਾਲਮਪੁਰ ਵਿਧਾਨ ਸਭਾ ਹਲਕੇ ਦੇ ਪਹਾੜਾ ਪਿੰਡ ਦੀ ਹੋਣਹਾਰ ਧੀ ਅਨਮੋਲ ਨੇ ਇਤਿਹਾਸਿਕ ਰਚਦਿਆਂ ਸੂਬੇ ਭਰ ’ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਅਨਮੋਲ ਨੇ 700 ਵਿਚੋਂ 699 ਅੰਕ ਹਾਸਲ ਕਰਕੇ ਨਾ ਸਿਰਫ਼ ਪਾਲਮਪੁਰ ਸਗੋਂ ਪੂਰੇ ਹਿਮਾਚਲ ਪ੍ਰਦੇਸ਼ ਦਾ ਨਾਮ ਰੋਸ਼ਨ ਕੀਤਾ ਹੈ। ਧੀ ਦੀ ਇਸ ਸ਼ਾਨਦਾਰ ਸਫਲਤਾ ’ਤੇ ਇਲਾਕੇ ’ਚ ਖੁਸ਼ੀ ਦਾ ਮਾਹੌਲ ਹੈ। ਅਨਮੋਲ ਦੀ ਇਸ ਉਪਲਬਧੀ ਤੇ ਹਿਮਾਚਲ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਮੁਕੇਸ਼ ਅਗਨਿਹੋਤਰੀ ਨੇ ਵੀਡੀਓ ਕਾਲ ਰਾਹੀਂ ਉਸ ਨੂੰ ਵਧਾਈ ਦਿੱਤੀ ਅਤੇ ਉਜਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਸੂਬੇ ਦੀਆਂ ਧੀਆਂ ਲਗਾਤਾਰ ਐਜੂਕੇਸ਼ਨ ਖੇਤਰ ਵਿਚ ਨਵੀਆਂ ਉਚਾਈਆਂ ਛੂਹ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਨਮੋਲ ਦੀ ਸਫਲਤਾ ਹੋਰ ਵਿਦਿਆਰਥੀਆਂ ਲਈ ਪ੍ਰੇਰਣਾ ਬਣੇਗੀ। ਇਸ ਦੌਰਾਨ ਰਾਜੇਸ਼ ਧਰਮਾਣੀ ਅਤੇ ਪਾਲਮਪੁਰ ਦੇ ਸਥਾਨਕ ਵਿਧਾਇਕ ਆਸ਼ੀਸ਼ ਬੁਟੇਲ ਵੀ ਮੌਜੂਦ ਰਹੇ। ਸਾਰੇ ਆਗੂਆਂ ਨੇ ਅਨਮੋਲ ਦੀ ਮਿਹਨਤ, ਲਗਨ ਅਤੇ ਸਮਰਪਣ ਦੀ ਸ਼ਲਾਘਾ ਕਰਦਿਆਂ ਉਸ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਔਖੀ ਮਿਹਨਤ ਨਾਲ ਹਰ ਟੀਚਾ ਹਾਸਲ ਕੀਤਾ ਜਾ ਸਕਦਾ ਹੈ। ਅਨਮੋਲ ਦੀ ਇਹ ਉਪਲਬਧੀ ਸੂਬੇ ਦੇ ਨੌਜਵਾਨਾਂ ਅਤੇ ਖਾਸ ਤੌਰ ਤੇ ਧੀਆਂ ਲਈ ਪ੍ਰੇਰਣਾ ਸਰੋਤ ਬਣ ਕੇ ਸਾਹਮਣੇ ਆਈ ਹੈ। ਪਰਿਵਾਰ, ਸਕੂਲ ਅਤੇ ਖੇਤਰ ਦੇ ਲੋਕਾਂ ਵਿਚ ਧੀ ਦੀ ਸਫਲਤਾ ਨੂੰ ਲੈ ਕੇ ਭਾਰੀ ਉਤਸਾਹ ਵੇਖਿਆ ਜਾ ਰਿਹਾ ਹੈ। ਪੂਰੇ ਸੂਬੇ ਵਿਚੋਂ ਅਨਮੋਲ ਨੂੰ ਵਧਾਈਆਂ ਦਾ ਸਿਲਸਿਲਾ ਜਾਰੀ ਹੈ।

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਆਮ ਆਦਮੀ ਪਾਰਟੀ ਦੇ ਆਗੂਆਂ ਵਲੋਂ ਜਿਲ੍ਹਾ ਭਾਜਪਾ ਪ੍ਰਧਾਨ ਦੇ ਦਫਤਰ ਅੰਦਰ ਕੀਤੇ ਗਏ ਹਮਲੇ ਦੀ ਜ਼ੋਰਦਾਰ ਨਿਖੇਧੀ ਕੀਤੀ

## ਆਉਣ ਵਾਲੀਆਂ 2027 ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਵੇਗਾ :ਜੱਥੇਦਾਰ ਸੁਰਜੀਤ ਸਿੰਘ ਦੋਭਾਲੀ

**ਨਵਾਂਸ਼ਹਿਰ 10 ਮਈ (ਜਤਿੰਦਰ ਪਾਲ ਸਿੰਘ ਕਲੇਰ )** ਆਮ ਆਦਮੀ ਪਾਰਟੀ ਦੇ ਬੰਗਾ ਤੋਂ ਵਿਧਾਇਕ ਡਾਕਟਰ ਸੁਖਵਿੰਦਰ ਸੁੱਖੀ ਅਤੇ ਹੋਰ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਵਲੋਂ ਅੱਜ ਭਾਜਪਾ ਦਫਤਰ ਬਲਾਚੌਰ ਰੋਸ ਧਰਨੇ ਦੀ ਆੜ ਵਿੱਚ ਭਾਜਪਾ ਵਿੱਚ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਰਾਜਵਿੰਦਰ ਸਿੰਘ ਲੱਕੀ ਤੇ ਦਫਤਰ ਅੰਦਰ ਕੀਤੇ ਗਏ ਹਮਲੇ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਜੱਥੇਦਾਰ ਸੁਰਜੀਤ ਸਿੰਘ ਦੋਭਾਲੀ ਸੀਨੀਅਰ ਅਕਾਲੀ ਆਗੂ( ਪੁਨਰ



ਸੁਰਜੀਤ) ਸ਼੍ਰੋਮਣੀ ਅਕਾਲੀ ਦਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਆਮ ਆਦਮੀ ਪਾਰਟੀ ਆਪਣੀਆਂ ਰਾਜਨੀਤਿਕ ਕਦਰਾਂ ਕੀਮਤਾਂ ਅਤੇ ਇਖਲਾਕ ਤੋਂ ਬੁਰੀ ਤਰ੍ਹਾਂ ਨਾਲ ਡਿੱਗ ਚੁੱਕੀ ਹੈ। ਜੋ ਹੋਸ਼ੇ ਹਥਿਆਰਾਂ ਤੇ ਉੱਤਰ ਕੇ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਨਾਲ ਬਦਤਮੀਜ਼ੀ ਕਰ ਰਹੀ ਹੈ ਜਿਸ ਦਾ ਸਮਾਜਿਕ ਲੋਕਾਂ ਤੇ ਬੜਾ ਭੇੜਾ ਅਸਰ ਪੈਂਦਾ ਹੈ ਇਹਨਾਂ ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਦੀਆਂ ਇਹਨਾਂ ਹਰਕਤਾਂ ਦੇਖਦਿਆਂ ਲੋਕ ਇਸ ਤੋਂ ਕੰਨ ਕਤਰਾਉਣ ਲੱਗ ਪਏ ਹਨ ਜਿਸ ਦਾ ਹਿਸਾਬ ਆਉਣ ਵਾਲੀਆਂ 2027 ਦੀ ਦੀਆਂ ਚੋਣਾਂ ਵਿੱਚ ਲੋਕ ਇਸ ਪਾਰਟੀ ਦੇ ਉਮੀਦਵਾਰਾਂ ਦੀਆਂ ਜਮਾਨਤਾਂ ਜ਼ਬਤ ਕਰਾ ਦੇਣਗੇ।

# ਛੋਟੀਆਂ ਕਿਸ਼ਤੀਆਂ ਰਾਹੀਂ ਬਰਤਾਨੀਆ ਪਹੁੰਚਣ ਵਾਲਿਆਂ ਦੀ ਗਿਣਤੀ 2 ਲੱਖ ਤੋਂ ਪਾਰ

**ਲੈਸਟਰ (ਇੰਗਲੈਂਡ), 10 ਮਈ (ਸੁਖਜਿੰਦਰ ਸਿੰਘ ਢੱਡੇ)-** ਇੰਗਲਿਸ਼ ਚੈਨਲ ਰਾਹੀਂ ਛੋਟੀਆਂ ਕਿਸ਼ਤੀਆਂ ਵਿਚ ਬਰਤਾਨੀਆ ਪਹੁੰਚਣ ਵਾਲੇ ਪਰਵਾਸੀਆਂ ਦੀ ਗਿਣਤੀ ਹੁਣ 2 ਲੱਖ ਤੋਂ ਪਾਰ ਹੋ ਗਈ ਹੈ। ਸਰਕਾਰੀ ਅੰਕੜਿਆਂ ਅਨੁਸਾਰ 2018 ਤੋਂ ਸ਼ੁਰੂ ਕੀਤੇ ਗਏ ਰਿਕਾਰਡਾਂ ਮੁਤਾਬਕ ਹੁਣ ਤੱਕ ਕੁੱਲ 2 ਲੱਖ 13 ਲੋਕ ਇਸ ਖਤਰਨਾਕ ਰਸਤੇ ਰਾਹੀਂ ਯੂ.ਕੇ. ਪਹੁੰਚ ਚੁੱਕੇ ਹਨ।

ਹੋਮ ਆਫਿਸ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਮੁਤਾਬਕ ਸਿਰਫ਼ ਸ਼ੁੱਕਰਵਾਰ ਨੂੰ ਹੀ 70 ਲੋਕ ਛੋਟੀਆਂ ਕਿਸ਼ਤੀਆਂ ਰਾਹੀਂ ਇੰਗਲਿਸ਼ ਚੈਨਲ ਪਾਰ ਕਰਕੇ ਬਰਤਾਨੀਆ ਪਹੁੰਚੇ। ਇਸ ਨਾਲ 2026 ਦੌਰਾਨ ਹੁਣ ਤੱਕ ਆਏ ਲੋਕਾਂ ਦੀ ਗਿਣਤੀ 7,380 ਹੋ ਗਈ ਹੈ।

ਪਿਛਲੇ ਕੁਝ ਸਾਲਾਂ ਦੌਰਾਨ ਇਹ ਗਿਣਤੀ ਲਗਾਤਾਰ ਵਧਦੀ ਰਹੀ ਹੈ। 2025 ਵਿਚ ਲਗਭਗ 41 ਹਜ਼ਾਰ ਲੋਕ ਇਸ ਰਸਤੇ ਰਾਹੀਂ ਯੂ.ਕੇ. ਆਏ ਸਨ, ਜੋ 2024 ਨਾਲੋਂ 13 ਫ਼ੀਸਦੀ ਵੱਧ ਸੀ। ਹਾਲਾਂਕਿ 2022 ਵਿਚ ਸਭ ਤੋਂ ਵੱਧ 46 ਹਜ਼ਾਰ ਲੋਕ ਚੈਨਲ ਪਾਰ ਕਰਕੇ ਆਏ ਸਨ।

ਅੰਕੜਿਆਂ ਤੋਂ ਇਹ ਵੀ ਸਾਹ-ਮਣੇ ਆਇਆ ਹੈ ਕਿ ਹਰ ਕਿਸ਼ਤੀ ਵਿਚ ਸਵਾਰ ਲੋਕਾਂ ਦੀ ਔਸਤ ਗਿਣਤੀ ਵਿਚ ਵੀ ਵੱਡਾ



ਵਾਧਾ ਹੋਇਆ ਹੈ। 2018 ਵਿਚ ਇਕ ਕਿਸ਼ਤੀ ਵਿਚ ਔਸਤ 7 ਲੋਕ ਹੁੰਦੇ ਸਨ, ਜਦਕਿ 2025 ਤੱਕ ਇਹ ਗਿਣਤੀ ਵਧ ਕੇ 62 ਹੋ ਗਈ। ਇੰਗਲਿਸ਼ ਚੈਨਲ ਦਾ ਇਹ ਰਸਤਾ ਬਹੁਤ ਖਤਰਨਾਕ ਮੰਨਿਆ ਜਾਂਦਾ ਹੈ। 2018 ਤੋਂ 2025 ਤੱਕ ਇਸ ਰਸਤੇ ਦੌਰਾਨ 162 ਲੋਕਾਂ ਦੀ ਮੌਤ ਹੋ ਚੁੱਕੀ ਹੈ। ਸਿਰਫ਼ ਪਿਛਲੇ ਹਫ਼ਤੇ ਹੀ ਇਕ 16 ਸਾਲਾ ਲੜਕੀ ਅਤੇ ਇਕ ਔਰਤ ਦੀ ਮੌਤ ਹੋ ਗਈ ਸੀ, ਜਦੋਂ ਲਗਭਗ 82 ਲੋਕਾਂ ਨਾਲ ਭਰੀ ਕਿਸ਼ਤੀ ਫਰਾਂਸ ਤੋਂ ਬਰਤਾਨੀਆ ਵੱਲ ਆ ਰਹੀ ਸੀ।

ਬਰਤਾਨੀਆ ਦੀਆਂ ਲਗਾਤਾਰ ਸਰਕਾਰਾਂ ਵੱਲੋਂ ਇਸ ਸਮੱਸਿਆ ਨੂੰ ਰੋਕਣ ਲਈ ਫਰਾਂਸ ਨਾਲ ਮਿਲ ਕੇ ਕਈ ਯਤਨ ਕੀਤੇ ਗਏ ਹਨ। ਅਪ੍ਰੈਲ ਮਹੀਨੇ ਵਿਚ ਗ੍ਰਹਿ ਮੰਤਰੀ ਸ਼ਬਾਨਾ ਮਹਮੂਦ ਨੇ ਫਰਾਂਸ ਨਾਲ ਤਿੰਨ ਸਾਲਾਂ ਲਈ 662 ਮਿਲੀਅਨ ਪੌਂਡ ਦੇ ਇਕ ਸਮਝੌਤੇ ’ਤੇ ਦਸਤਖ਼ਤ ਕੀਤੇ ਸਨ, ਜਿਸ ਤਹਿਤ ਫਰਾਂਸੀਸੀ ਤਟਾਂ ’ਤੇ ਗਸ਼ਤ ਵਧਾ ਕੇ ਕਿਸ਼ਤੀ ਰਾਹੀਂ ਹੋਣ ਵਾਲੀਆਂ ਘੁਸਪੈਠਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸਰਕਾਰ ਨੇ ਆਸ਼ਰਯ ਪ੍ਰਣਾਲੀ ਵਿਚ ਵੀ ਤਬਦੀਲੀਆਂ ਕਰਨ ਦੀ ਗੱਲ ਕਹੀ ਹੈ ਤਾਂ ਜੋ ਗੈਰਕਾਨੂੰਨੀ ਤਰੀਕੇ ਨਾਲ ਆਉਣ ਵਾਲਿਆਂ ਨੂੰ ਰੋਕਿਆ ਜਾ ਸਕੇ ਅਤੇ ਜਿਨ੍ਹਾਂ ਨੂੰ ਰਹਿਣ ਦਾ ਹੱਕ ਨਹੀਂ, ਉਨ੍ਹਾਂ ਨੂੰ ਵਾਪਸ ਭੇਜਣਾ ਆਸਾਨ ਬਣਾਇਆ ਜਾ ਸਕੇ।

ਅੰਕੜਿਆਂ ਮੁਤਾਬਕ ਲੇਬਰ ਪਾਰਟੀ ਦੇ ਜੁਲਾਈ 2024 ਵਿਚ ਸੱਤਾ ਵਿਚ ਆਉਣ ਤੋਂ ਬਾਅਦ ਹੁਣ ਤੱਕ 72 ਹਜ਼ਾਰ ਤੋਂ ਵੱਧ ਲੋਕ ਇਸ ਰਸਤੇ ਰਾਹੀਂ ਆਏ ਹਨ, ਜਦਕਿ ਬਾਕੀ 1 ਲੱਖ 27 ਹਜ਼ਾਰ ਤੋਂ ਵੱਧ ਲੋਕ ਕਨਜ਼ਰਵੇਟਿਵ ਸਰਕਾਰਾਂ ਦੇ ਸਮੇਂ ਦੌਰਾਨ ਆਏ ਸਨ।

# ਭਾਜਪਾ ਦਫਤਰ ਬਲਾਚੌਰ ਵਿਖੇ ਬੰਗਾ ਤੋਂ ਆਪ ਵਿਧਾਇਕ ਡਾਕਟਰ ਸੁਖਵਿੰਦਰ ਸੁੱਖੀ ਭਾਜਪਾ ਜਿਲ੍ਹਾਂ ਪ੍ਰਧਾਨ ਲੱਕੀ ਨਾਲ ਹੋਏ ਹੱਥੋਂਪਾਈ

## ਟਰਾਲੀ ਚੋਰ ਕਹਿਣ ਤੇ ਤਲਖੀ ਵਿੱਚ ਆਏ ਵਿਧਾਇਕ ਸੁੱਖੀ

**ਬਲਾਚੌਰ, 10 ਮਈ (ਜਤਿੰਦਰ ਪਾਲ ਸਿੰਘ ਕਲੇਰ )** – ਆਮ ਆਦਮੀ ਪਾਰਟੀ ਦੀ ਹਾਈਕਮਾਂਡ ਵੱਲੋਂ ਪੰਜਾਬ ਅੰਦਰ ਜ਼ਿਲ੍ਹਾ ਹੈਂਡ ਕੁਆਰਟਰਾਂ ਤੇ ਰੋਸ ਧਰਨੇ ਦੇਣ ਦੀ ਕਾਲ ਵਜੋਂ ਆਪ ਵੱਲੋਂ ਹਲਕਾ ਵਿਧਾਇਕ ਬੰਗਾ ਡਾਕਟਰ ਸੁਖਵਿੰਦਰ ਸੁੱਖੀ ਅਤੇ ਵਿਧਾਇਕਾ ਸੰਤੋਸ਼ ਕਟਾਰੀਆ ਦੀ ਅਗਵਾਈ ਹੇਠ ਭਾਜਪਾ ਦਫਤਰ ਬਾਲਾਚੌਰ ਅੱਗੇ ਕੇਂਦਰ ਸਰਕਾਰ ਵਿਰੁੱਧ ਰੋਸ ਮੁਜਾਹਰਾ ਕੀਤਾ ਜਾ ਰਿਹਾ ਸੀ ਕਿ ਜਿੱਥੇ ਦੋਨਾਂ ਪਾਰਟੀਆਂ ਅੰਦਰ ਅਚਾਨਕ ਮਾਹੌਲ ਗਰਮਾ ਗਿਆ। ਇਸ ਸਬੰਧੀ ਭਾਜਪਾ ਪ੍ਰਧਾਨ ਐਡਵੋਕੇਟ ਰਾਜਵਿੰਦਰ ਸਿੰਘ ਲੱਕੀ ਨੇ ਕਿਹਾ ਕਿ ਭਾਜਪਾ ਦੇ ਦਫਤਰ ਬਲਾਚੌਰ ਅੱਗੇ ਆਪ ਆਗੂਆਂ ਵੱਲੋਂ ਬੀ ਜੇ ਪੀ ਮੁਰਦਾਬਾਦ ਦੇ ਨਾਅਰੇ ਲਗਾਏ ਗਏ ਤੇ ਜਦੋਂ ਉਨ੍ਹਾਂ ਨੂੰ ਚੰਗੀ ਸ਼ਬਦਾਵਲੀ ਵਰਤਣ ਦੀ ਅਪੀਲ ਕੀਤੀ ਗਈ ਤਾਂ ਉਨ੍ਹਾਂ ਨੇ ਮਾਇਕ ਖੋਅ ਲਿਆ। ਜਦੋਂ ਸਾਡੇ ਵੱਲੋਂ ਤਰਕ ਨਾਲ ਗੱਲ ਕਰਦਿਆਂ ਹੋਇਆਂ ਕਿਹਾ ਗਿਆ ਕਿ ਜਦੋ ਤੁਹਾਡੀ ਵਿਜੀਲੈਂਸ ਰੇਡ ਕਰਦੀ ਹੈ ਤਾਂ ਠੀਕ ਹੁੰਦੀ ਹੈ ਜਦੋਂ ਕੋਈ ਕੇਂਦਰ ਦੀ ਏਜੰਸੀ ਜਾਂਚ ਪੜਤਾਲ ਕਰਦੀ ਹੈ ਤਾਂ ਉਸ ਦੇ ਖਿਲਾਫ ਰੋਸ ਮੁਜ਼ਾਹਰੇ ਕੀਤੇ ਜਾਂਦੇ ਹਨ। ਉਨ੍ਹਾਂ ਡਾਕਟਰ ਸੁੱਖੀ ਨੂੰ ਕਿਹਾ ਕਿ ਜਦੋਂ ਉਹ ਪਾਰਟੀ ਛੱਡ ਕੇ ਆਪ ਵਿੱਚ ਆਏ ਆਏ ਤਾਂ ਉਹ ਸਾਫ ਸੁਥਰੇ ਹਨ ਪ੍ਰੰਤੂ ਜਦੋਂ ਬੀ ਜੇ ਪੀ ਚ ਕੋਈ ਜਾਂਦਾ ਹੈ ਤਾਂ ਉਹ ਇਨ੍ਹਾਂ ਲਈ ਗੱਦਾਰ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਦੋ ਵਾਰ



**ਭਾਜਪਾ ਦਫਤਰ ਬਲਾਚੌਰ ਵਿਖੇ ਵਿਧਾਇਕ ਡਾਕਟਰ ਸੁੱਖੀ ਅੰਦਰ ਜਾ ਕੇ ਭਾਜਪਾ ਪ੍ਰਧਾਨ ਰਾਜਵਿੰਦਰ ਲੱਕੀ ਨਾਲ ਹੱਥੋਪਾਈ ਹੁੰਦੇ ਹੋਏ।**

ਚੁਣੇ ਗਏ ਵਿਧਾਇਕ ਤੋਂ ਇਹ ਉਮੀਦ ਕਤਈ ਵੀ ਨਹੀਂ ਲਗਾਈ ਜਾ ਸਕਦੀ ਸੀ ਅਜਿਹੀ ਹਰਕਤ ਕਰਨਗੇ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਨੂੰ ਕਿਹਾ ਗਿਆ ਕਿ ਪਹਿਲਾਂ ਟਰਾਲੀਆਂ ਚੋਰੀ ਕਰਦੇ ਸਨ ਤੇ ਹੁਣ ਮਾਈਕ ਖੋਹਣ ਲੱਗ ਗਏ ਤਾਂ ਉਹ ਬੁਖਲਾਹਟ ਵਿੱਚ ਆ ਕੇ ਦਫਤਰ ਦੇ ਅੰਦਰ ਮੇਰਾ ਮੋਬਾਇਲ ਖੋਣ ਤੱਕ ਗਏ ਤੇ ਹੱਥੋਪਾਈ ਹੋਏ। ਉਨ੍ਹਾਂ ਕਿਹਾ ਕਿ ਵਿਧਾਇਕ ਸੁੱਖੀ ਦੀ ਇਸ ਹਰਕਤ ਤੇ 452 ਤੱਕ ਲਗਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਆਗੂ ਸੱਤਾ ਦੇ ਨਸ਼ੇ ਵਿੱਚ ਇੰਨੇ ਅੰਨੇ ਹੋ ਚੁੱਕੇ ਹਨ ਕਿ ਉਹ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਪੰਜਾਬ ਵਾਸੀ ਇਨ੍ਹਾਂ ਨੂੰ ਮੂੰਹ ਤੋੜ ਜਵਾਬ ਦੇਣਗੇ। ਇਸ ਸਬੰਧੀ ਹਲਕਾ ਵਿਧਾਇਕ ਬੰਗਾ ਤੋਂ ਡਾਕਟਰ ਸੁਖਵਿੰਦਰ ਸੁੱਖੀ ਨੇ ਕਿਹਾ ਅਸੀਂ ਬਗੈਰ ਮਾਈਕ ਤੋਂ ਰੋਸ ਵਿਰੋਧ ਕਰ ਰਹੇ ਸੀ ਜਦਕਿ ਭਾਜਪਾ ਪ੍ਰਧਾਨ ਨੇ ਮਾਈਕ ਲੈ ਕੇ ਲੋਕਾਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਵੱਲੋਂ ਸਾਨੂੰ ਟਰਾਲੀ ਚੋਰ ਤੱਕ ਵੀ ਕਿਹਾ ਗਿਆ। ਉਪਰੰਤ ਬੀ ਜੇ ਪੀ ਦੇ ਕੁੱਝ ਆਗੂਆਂ ਨੇ ਅੰਦਰ ਬੈਠ ਕੇ ਗੱਲ ਕਰਨ ਲਈ ਕਿਹਾ। ਜਦੋਂ ਅੰਦਰ ਗਏ ਤਾਂ ਭਾਜਪਾ ਪ੍ਰਧਾਨ ਮੋਬਾਈਲ ਤੇ ਵੀਡੀਓ ਬਣਾਉਣ ਲੱਗ ਪਏ ਜਿਸ ਤੇ ਉਨ੍ਹਾਂ ਨੂੰ ਵੀਡੀਓ ਬਣਾਉਣ ਤੋਂ ਰੋਕਿਆ ਗਿਆ ਤਾਂ ਮਾਹੌਲ ਅੰਦਰ ਗਰਮਾ ਗਰਮੀ ਹੋ ਗਈ। ਜ਼ਿਕਰਯੋਗ ਹੈ ਕਿ ਇੰਨੀ ਗਿਣਤੀ ਵਿੱਚ ਪੁਲਿਸ ਪ੍ਰਸ਼ਾਸਨ ਹੁੰਦਿਆਂ ਹੋਇਆਂ ਵੀ ਦੋਨੋਂ ਪਾਰਟੀਆਂ ਵੱਲੋਂ ਇੱਕ ਦੂਜੇ ਤੇ ਦੂਸ਼ਣਬਾਜ਼ੀ ਅਤੇ ਹੱਥੋਂ ਪਾਈ ਤੱਕ ਦੀ ਨੌਬਤ ਆਉਣੀ ਪ੍ਰਸ਼ਨਚਿੰਨ ਲਗਾ ਰਹੀ ਹੈ। ਇਸ ਮੌਕੇ ਭਾਜਪਾ ਆਗੂ ਪ੍ਰਵੀਨ ਪੂਰੀ, ਐਡਵੋਕੇਟ ਅਮਨ ਰਾਣਾ, ਪ੍ਰਧਾਨ ਨੰਦ ਕਿਸ਼ੋਰ ਅਤੇ ਬਹੁ ਗਿਣਤੀ ਭਾਜਪਾ ਅਤੇ ਆਪ ਆਗੂ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਬੀ.ਸੀ.ਐਮ.ਸਕੂਲ ਵੱਲੋਂ ਮਾਂ ਦਿਵਸ ਤੇ ਵਿਸ਼ੇਸ਼ ਸਮਾਗਮ ਦਾ ਆਯੋਜਨ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਬੀ.ਸੀ.ਐਮ ਸਕੂਲ, ਫੋਕਲ ਪੁਆਇੰਟ, ਲੁਧਿਆਣਾ ਵੱਲੋਂ ਕਿੰਡਰਗਾਰਟਨ ਦੀਆਂ ਮਾਵਾਂ ਲਈ ਮਾਤਾ ਦਿਵਸ"Mom in the Spotlight"ਨਾਮਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਮਾਵਾਂ ਦੇ ਪਿਆਰ, ਸਮਰਪਣ ਅਤੇ ਮਹੱਤਵ ਨੂੰ ਸਨਮਾਨ ਦੇਣਾ ਸੀ। ਸਮਾਗਮ ਦੌਰਾਨ ਮਾਵਾਂ ਲਈ Dish Preparation Competition, Ramp Walk ਵਰਗੀਆਂ ਮਨੋਰੰਜਕ ਅਤੇ ਰਚਨਾਤਮਕ ਗਤੀਵਿਧੀਆਂ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਮਾਵਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਉਨ੍ਹਾਂ ਨੇ ਆਪਣੀ ਪ੍ਰਤਿਭਾ, ਆਤਮ-ਵਿਸ਼ਵਾਸ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੁਕਾਬਲੇ ਵਿੱਚ ਜੱਜਾਂ ਦੀ ਭੂਮਿਕਾ ਸ਼੍ਰੀਮਤੀ ਰੁਚੀ ਅਤੇ ਸ਼੍ਰੀਮਤੀ ਜਸਪ੍ਰੀਤ ਕੌਰ ਵੱਲੋਂ ਨਿਭਾਈ ਗਈ। ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਸਿੰਪਲ ਵਰਮਾ ਜੀ ਨੇ ਸਾਰੀਆਂ ਮਾਵਾਂ ਨੂੰ ਮਾਤਾ ਦਿਵਸ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਮਾਂ ਬੱਚੇ ਦੀ ਪਹਿਲੀ ਅਧਿਆਪਕ ਅਤੇ ਸਭ ਤੋਂ ਵੱਡੀ ਪ੍ਰੇਰਣਾ ਹੁੰਦੀ ਹੈ। ਸਮਾਗਮ ਖੁਸ਼ੀ, ਉਤਸ਼ਾਹ ਅਤੇ ਯਾਦਗਾਰ ਪਲਾਂ ਨਾਲ ਭਰਪੂਰ ਰਿਹਾ।

# ਮਹਾਂਪੁਰਖਾਂ ਦੇ ਪਰਉਪਕਾਰੀ ਜੀਵਨ ਸਬੰਧੀ ਮੁਖ਼ਤਾਰ ਚੰਦੀ ਦੀ ਕਿਤਾਬ ਰਿਲੀਜ਼



**ਕਪੂਰਥਲਾ, 10 ਮਈ (ਕੌੜਾ ) -** ਮਹਾਨ ਸ਼ਹੀਦ ਸੰਤ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਦੀ ਨਿੱਘੀ ਯਾਦ ਵਿੱਚ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਵਿਖੇ 182ਵਾਂ ਸਲਾਨਾ ਸ਼ਹੀਦੀ ਜੋੜ ਮੇਲਾ ਸਤਾਈਆਂ ਦਾ ਸਮਾਗਮ ਸੰਤ ਬਾਬਾ ਹਰਜੀਤ ਸਿੰਘ ਮੁੱਖ ਸੇਵਾਦਾਰ ਦੀ ਸੁਚੱਜੀ ਅਗਵਾਈ ਹੇਠ ਕਰਵਾਇਆ ਗਿਆ । ਇਸ ਮੌਕੇ ਵਿਦਵਾਨ ਸਿੱਖ ਲੇਖਕ ਸਾਹਿਤ ਸਭਾ ਸੁਲਤਾਨਪੁਰ ਲੋਧੀ ਦੇ ਜਨਰਲ ਸਕੱਤਰ ਮੁਖਤਾਰ ਸਿੰਘ ਚੰਦੀ ਵੱਲੋਂ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਦੇ ਇਤਿਹਾਸ ਅਤੇ ਪਰੰਪਰਾਂ ਅਤੇ ਮਹਾਂਪੁਰਖਾਂ ਦੇ ਪਰਉਪਕਾਰੀ ਜੀਵਨ ਬਾਰੇ ਲਿਖੀ ਗਈ। ਵਡਮੁੱਲੀ ਧਾਰਮਿਕ ਪੁਸਤਕ ਅੱਜ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਹਰਜੀਤ ਸਿੰਘ, ਸੰਤ ਬਾਬਾ ਗੁਰਦੀਪ ਸਿੰਘ ਡੇਰਾ ਬਾਬਾ ਸ੍ਰੀ ਚੰਦ ਬੂੜੇਵਾਲ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਦੀ ਹਾਜ਼ਰੀ ਵਿੱਚ ਸੰਗਤਾਂ ਨੂੰ ਅਰਪਿਤ ਕੀਤੀ ਗਈ। ਇਸ ਮੌਕੇ ਸੰਤ ਬਾਬਾ ਹਰਜੀਤ ਸਿੰਘ ਜੀ ਵੱਲੋਂ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਇਤਿਹਾਸ ਪਰੰਪਰਾ ਅਤੇ ਮਹਾਂਪੁਰਖਾਂ ਦੇ ਪਰਉਪਕਾਰੀ ਜੀਵਨ ਸਬੰਧੀ ਲਿਖੀ ਕਿਤਾਬ ਸਬੰਧੀ ਲੇਖਕ ਮੁਖਤਾਰ ਸਿੰਘ ਚੰਦੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਪੁਸਤਕ ਵਿੱਚ ਇਸ ਅਸਥਾਨ ਦੇ ਮਾਣਮੱਤੇ ਇਤਿਹਾਸ, ਇੱਥੋਂ ਦੀਆਂ ਮਹਾਨ ਰਵਾਇਤਾਂ ਤੇ ਮਰਿਆਦਾਵਾਂ ਨੂੰ ਡੂੰਘੀ ਘੋਖ ਪੜਤਾਲ ਕਰਕੇ ਸੰਗਤਾਂ ਦੇ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਇਸੇ ਤਰ੍ਹਾਂ ਇੱਥੋਂ ਦੇ ਮਹਾਂਪੁਰਖਾਂ ਵਲੋਂ ਇਸ ਇਲਾਕੇ ਵਿੱਚ ਗੁਰਮਤਿ ਦੇ ਪ੍ਰਚਾਰ, ਪਸਾਰ ਅਤੇ ਸਿੱਖੀ ਦੀ ਫੁਲਵਾੜੀ ਦੀ ਪ੍ਰਫੁੱਲਤਾ ਲਈ ਪਾਏ ਵਡਮੁੱਲੇ ਯੋਗਦਾਨ ਨੂੰ ਬੜੇ ਭਾਵਪੂਰਤ ਸ਼ਬਦਾਂ ਵਿੱਚ ਪਰੋ ਕੇ ਸੰਗਤਾਂ ਦੇ ਸਨਮੁੱਖ ਕੀਤਾ ਹੈ। ਉਹਨਾਂ ਦੇ ਇਸ ਖੋਜ ਭਰਪੂਰ ਉਪਰਾਲੇ ਲਈ ਪ੍ਰਸ਼ੰਸਾ ਕੀਤੀ। ਉਹਨਾਂ ਸਮੂੱਚੀਆਂ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਇਤਿਹਾਸਕ ਕਿਤਾਬ ਨੂੰ ਪ੍ਰਾਪਤ ਕਰਕੇ ਵੱਧ ਤੋਂ ਵੱਧ ਇਤਿਹਾਸ ਬਾਰੇ ਜਾਣਕਾਰੀ ਹਾਸਿਲ ਕੀਤੀ ਜਾਵੇ। ਇਸ ਮੌਕੇ ਸਾਹਿਤਕਾਰ ਮੁਖਤਾਰ ਸਿੰਘ ਚੰਦੀ ਵੱਲੋਂ ਜਿੱਥੇ ਮੁੱਖ ਸੇਵਾਦਾਰ ਸੰਤ ਬਾਬਾ ਹਰਜੀਤ ਸਿੰਘ ਦਾ ਧੰਨਵਾਦ ਕੀਤਾ ਉੱਥੇ ਹੀ ਉਹਨਾਂ ਵੱਲੋਂ ਕਿਤਾਬ ਦੇ ਹਰ ਪੱਖ ਵਿੱਚ ਦਿੱਤੇ ਗਏ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਉਹਨਾਂ ਦੱਸਿਆ ਕਿ ਧਰਮ ਅਤੇ ਵਿਰਸੇ ਨਾਲ ਸੰਬੰਧਿਤ ਵਾਰਤਿਕ ਦੀ ਇਹ ਉਨਾਂ ਦੀ ਪਹਿਲੀ ਪੁਸਤਕ ਹੈ। ਉਹਨਾਂ ਕਿਹਾ ਕਿ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੀ ਲੰਮੇ ਸਮੇਂ ਤੋਂ ਮੰਗ ਸੀ ਕਿ ਇਸ ਪਵਿੱਤਰ ਅਸਥਾਨ ਦੇ ਮਾਣ ਮਤੇ ਇਤਿਹਾਸ ,ਅਮੀਰ ਵਿਰਾਸਤ ਅਤੇ ਇੱਥੋਂ ਦੇ ਮਹਾਂਪੁਰਖਾਂ ਵੱਲੋਂ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਲਈ ਕੀਤੀਆਂ ਘਾਲਣਾਵਾਂ ਤੇ ਸੇਵਾਵਾਂ ਨੂੰ ਲਿਖਤੀ ਰੂਪ ਵਿੱਚ ਸੰਗਤਾਂ ਦੇ ਸਨਮੁਖ ਕੀਤਾ ਜਾਵੇ। ਉਨਾਂ ਇਸ ਲਈ ਆਪਣੇ ਵੱਲੋਂ ਭਰਪੂਰ ਯਤਨ ਕੀਤਾ ਹੈ ਤਾਂ ਜੋ ਸੰਗਤਾਂ ਨੂੰ ਇਸ ਕਿਤਾਬ ਰਾਹੀਂ ਇਸ ਪਵਿੱਤਰ ਅਸਥਾਨ ਦੀ ਇਤਿਹਾਸਿਕ ਜਾਣਕਾਰੀ ਵੱਧ ਤੋਂ ਵੱਧ ਮਿਲ ਸਕੇ। ਇਸ ਮੌਕੇ ਸੰਤ ਬਾਬਾ ਹਰਜੀਤ ਸਿੰਘ ਜੀ ਵੱਲੋਂ ਲੇਖਕ ਮੁਖਤਾਰ ਸਿੰਘ ਚੰਦੀ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਸਟੇਟ ਅਵਾਰਡੀ ਪ੍ਰਿੰਸੀਪਲ ਲਖਬੀਰ ਸਿੰਘ ਸੈਦਪੁਰ, ਡਾਕਟਰ ਪਰਮਜੀਤ ਸਿੰਘ ਮਾਨਸਾ ,ਮੁਖ਼ਤਾਰ ਸਿੰਘ ਖਿੰਡਾ ਰਿਟਾਇਰਡ ਸੁਪਰਡੈਂਟ, ਜਸਵੰਤ ਸਿੰਘ ਨੰਢਾ, ਸਾਬਕਾ ਐਸਡੀਓ ਸੁਖਦੇਵ ਸਿੰਘ, ਇੰਦਰਜੀਤ ਸਿੰਘ ਸਕੱਤਰ, ਸੰਤੋਖ ਸਿੰਘ ਪ੍ਰਧਾਨ ਗੁਰੂ ਨਾਨਕ ਸੇਵਕ ਪ੍ਰਧਾਨ ਗੁਰਦਿਆਲ ਸਿੰਘ, ਸੁਖਬੀਰ ਸਿੰਘ, ਲਖਵੀਰ ਸਿੰਘ ਖਿੰਡਾ ਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ।

# ਜੇ.ਐਸ.ਟੀ. ਟਰੱਕ ਪਰਮਿਟ-ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੀ ਧਮਾਕੇਦਾਰ ਸ਼ੁਰੂਆਤ

## ਮੋਗਾ, ਨੀਟਾ ਕਲੱਬ ਰਾਮਪੁਰ, ਘਵੱਦੀ ਅਤੇ ਏਕ ਨੂਰ ਅਕੈਡਮੀ ਤੇਹਿੰਗ ਵੱਲੋਂ ਜੇਤੂ ਸ਼ੁਰੂਆਤ

**ਲੁਧਿਆਣਾ 10 ਮਈ (ਕਰਨੈਲ ਸਿੰਘ ਐੱਮ.ਏ.)–** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟ੍ਰਸਟ ਪਿੰਡ ਜਰਖੜ ਵੱਲੋਂ 16ਵਾਂ ਜੇ.ਐਸ.ਟੀ. ਟਰੱਕ ਪਰਮਿਟ, ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਅੱਜ ਧੂਮ ਧੜੱਕੇ ਨਾਲ ਜਰਖੜ ਖੇਡ ਸਟੇਡੀਅਮ ਵਿਖੇ ਸ਼ੁਰੂ ਹੋਇਆ। ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦਾ ਉਦਘਾਟਨ ਪਦਮ ਸ਼੍ਰੀ ਬਲਦੇਵ ਸਿੰਘ, ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਦਵਿੰਦਰ ਪਾਲ ਸਿੰਘ ਲਾਡੀ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਅਮਰੀਕ ਸਿੰਘ ਮਿਨਹਾਸ ਏਆਈਜੀ, ਭੁਪਿੰਦਰ ਸਿੰਘ ਰੱਤੀਆਂ, ਪ੍ਰੋ: ਰਜਿੰਦਰ ਸਿੰਘ, ਹਰਦੀਪ ਸਿੰਘ ਬੀਰਮਪੁਰ, ਸੁਖਵਿੰਦਰ ਸਿੰਘ ਚੇਅਰਮੈਨ ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਅਤੇ ਹੋਰ ਪਤਵੰਤਿਆਂ ਨੇ ਗੁਬਾਰੇ ਉਡਾ ਕੇ ਟੂਰਨਾਮੈਂਟ ਦਾ ਉਦਘਾਟਨ ਕੀਤਾ। ਉਦਘਾਟਨੀ ਮੈਚ ਦੀਆਂ ਟੀਮਾਂ ਦੇ ਨਾਲ ਜਾਣ ਪਹਿਚਾਣ ਕੀਤੀ। ਇਸ ਮੌਕੇ ਸਾਹਿਬਜੀਤ ਸਿੰਘ ਸਾਬੀ ਚੇਅਰਮੈਨ ਬਲਾਕ ਸੰਮਤੀ ਡੇਹਲੋਂ, ਇੰਸਪੈਕਟਰ ਜਸਪਾਲ ਸਿੰਘ, ਕੁਲਦੀਪ ਸਿੰਘ ਘਵੱਦੀ, ਰਛਪਾਲ ਸਿੰਘ ਨਾਗੀ, ਸੁਸ਼ੀਲ ਕੁਮਾਰ ਸੈਕਟਰੀ ਸਪੋਰਟਸ ਰੇਲਵੇ ਫਿਰੋਜ਼ਪੁਰ, ਗੁਰਸਤਿੰਦਰ ਸਿੰਘ ਪਰਗਟ, ਸੋਨੀ ਗਿੱਲ, ਸਰਪੰਚ ਅਮਰਿੰਦਰ ਸਿੰਘ ਬੁਲਾਰਾ, ਸ਼ਿੰਗਾਰਾ ਸਿੰਘ ਜਰਖੜ, ਤੇਜਿੰਦਰ ਸਿੰਘ ਜਰਖੜ, ਬੂਟਾ ਸਿੰਘ ਸਿੱਧੂ, ਦਲਵੀਰ ਸਿੰਘ ਜਰਖੜ, ਪਵਨਪ੍ਰੀਤ ਸਿੰਘ ਡੰਗੋਰਾ, ਰਘਵੀਰ ਸਿੰਘ ਡੰਗੋਰਾ, ਪਰਮਜੀਤ ਸਿੰਘ ਗਰੇਵਾਲ ਆਦਿ ਹੋਰ ਪ੍ਰਬੰਧਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ ਦੇ ਵਿੱਚ ਜੂਨੀਅਰ ਅਤੇ ਸੀਨੀਅਰ ਵਰਗ ਦੇ ਵਿੱਚ 16 ਟੀਮਾਂ ਹਿੱਸਾ ਲੈ ਰਹੀਆਂ ਹਨ । ਟੂਰਨਾਮੈਂਟ ਦਾ ਉਦਘਾਟਨੀ ਮੈਚ ਅੱਜ ਮੋਗਾ ਨੇ ਫਿਰੋਜ਼ਪੁਰ ਨੂੰ 5-2 ਗੋਲਾਂ ਨਾਲ ਹਰਾਇਆ। ਨੀਟਾ ਕਲੱਬ ਰਾਮਪੁਰ ਨੇ ਬਹੁਤ ਹੀ ਰੋਮਾਂਚਕ ਅਤੇ ਸੰਘਰਸ਼ ਪੂਰਨ ਮੁਕਾਬਲੇ ਵਿੱਚ ਅਮਰਗੜ੍ਹ ਸੈਂਟਰ ਨਾਲ 7-7 ਗੋਲਾਂ ਦੀ ਬਰਾਬਰੀ ਤੋਂ ਬਾਅਦ ਪੈਨਲਟੀ ਸ਼ੂਟ ਆਊਟ ਵਿੱਚ 3-1 ਗੋਲਾਂ ਨਾਲ ਜਿੱਤ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਜੂਨੀਅਰ ਵਰਗ ਦਾ ਮੁੱਢਲਾ ਮੈਚ ਐਚਟੀਸੀ ਸੈਂਟਰ ਰਾਮਪੁਰ ਅਤੇ ਘਵੱਦੀ ਸਕੂਲ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਘਵੱਦੀ ਸੈਂਟਰ 2-1 ਗੋਲਾਂ ਨਾਲ ਜੇਤੂ ਰਿਹਾ । ਏਕ ਨੂਰ ਅਕੈਡਮੀ ਤੇਹਿੰਗ ਨੇ ਅਮਰਗੜ੍ਹ ਹਾਕੀ ਸੈਂਟਰ ਨੂੰ 7-3 ਗੋਲਾਂ ਦੇ ਫਰਕ ਨਾਲ ਹਰਾਇਆ। ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਸੀਨੀਅਰ ਵਰਗ ਦੀਆਂ ਜੇਤੂ ਟੀਮਾਂ ਨੂੰ ਡੇਢ ਲੱਖ ਦੀ ਇਨਾਮੀ ਰਾਸ਼ੀ ਜੇ. ਐਸ.ਟੀ. ਟਰੱਕ ਪਰਮਿਟ ਦੇ ਐਮ.ਡੀ ਜੰਗਸ਼ੇਰ ਸਿੰਘ ਅਮਰੀਕਾ ਵਾਲਿਆਂ ਵੱਲੋਂ ਦਿੱਤੀ ਜਾਵੇਗੀ ਜਦ ਕਿ ਜੂਨੀਅਰ ਵਰਗ ਦੇ ਟੀਮਾਂ ਨੂੰ ਇਨਾਮੀ ਰਾਸ਼ੀ ਦੁਪਿੰਦਰ ਸਿੰਘ ਡਿੰਪੀ ਜਰਖੜ ਵੱਲੋਂ ਦਿੱਤੀ ਜਾਵੇਗੀ। ਸੀਨੀਅਰ ਵਰਗ ਦੀ ਚੈਂਪੀਅਨ ਟੀਮ ਨੂੰ 60 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ, ਓਲੰਪੀਅਨ ਪ੍ਰਿਥੀਪਾਲ ਸਿੰਘ ਰਨਿੰਗ ਹਾਕੀ ਟਰਾਫੀ ਅਤੇ ਸਰਵੋ-ਤਮ ਖਿਡਾਰੀਆਂ ਨੂੰ ਟਾਪ ਕਲਾਸ ਸਾਈਕਲਾਂ ਨਾਲ ਸਨਮਾਨਿਤ ਕੀਤਾ ਜਾਵੇਗਾ । ਜਦ ਕਿ ਉਪ ਜੇਤੂ ਟੀਮ ਨੂੰ 40 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ ਅਤੇ ਤੀਸਰੇ ਨੰਬਰ ਤੇ ਆਉਣ ਵਾਲੇ ਟੀਮ ਨੂੰ 25 ਹਜ਼ਾਰ ਰੁਪਏ, ਚੌਥੇ ਨੰਬਰ ਤੇ ਆਉਣ ਵਾਲੀ ਟੀਮ ਨੂੰ 15 ਹਜ਼ਾਰ ਨਾਲ ਸਨਮਾਨਿਤ ਕੀਤਾ ਜਾਵੇਗਾ। ਸਬ ਜੂਨੀਅਰ ਵਰਗ ਦੀ ਜੇਤੂ ਟੀਮ ਨੂੰ ਜੇਤੂ ਰਨਿੰਗ ਟਰਾਫੀ ਅਤੇ 25,000 ਰੁਪਏ ਦੀ ਇਨਾਮੀ ਰਾਸ਼ੀ, ਉਪ ਜੇਤੂ ਟੀਮ ਨੂੰ 18 ਹਜ਼ਾਰ, ਤੀਸਰੇ ਨੰਬਰ ਤੇ ਆਉਣ ਵਾਲੇ ਟੀਮ ਨੂੰ 13 ਹਜ਼ਾਰ ਅਤੇ ਚੌਥੇ ਨੰਬਰ ਤੇ ਆਉਣ ਵਾਲੀ ਟੀਮ ਨੂੰ 10 ਹਜ਼ਾਰ ਰੁਪਏ ਨਾਲ ਸਨਮਾਨਿਤ ਕੀਤਾ ਜਾਵੇਗਾ।





# ਪੰਜਾਬ ਦਾ ਨੌਜਵਾਨ ਮੁੜ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀਕਲਾ ਲਈ ਇਕੱਠਾ ਹੋ ਰਿਹਾ-ਬਾਦਲ

**● ਸਰਕਾਰ ਬਣਨ ਤੇ ਬੀ.ਸੀ ਵਿੰਗ ਦੇ ਜੁਝਾਰੂ ਵਰਕਰਾਂ ਨੂੰ ਮਿਲਣਗੇ ਵੱਡੇ ਅਹੁਦੇ ● ਰਖਵਿੰਦਰ ਗਾਬੜੀਆ ਤੇ ਦਿਖਾਈ ਦੇ ਰਿਹਾ ਰਾਜਨੀਤਕ ਗੁੜਤੀ ਦਾ ਰੰਗ**

**ਲੁਧਿਆਣਾ 10 ਮਈ (ਕਰਨੈਲ ਸਿੰਘ ਐੱਮ.ਏ.)** ਸ਼੍ਰੋਮਣੀ ਅਕਾਲੀ ਦਲ ਬੀ.ਸੀ. ਵਿੰਗ ਦੇ ਕੌਮੀ ਪ੍ਰਧਾਨ ਜੱਥੇਦਾਰ ਹੀਰਾ ਸਿੰਘ ਗਾਬੜੀਆ ਦੀ ਪ੍ਰਧਾਨਗੀ ਹੇਠ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ 303ਵਾਂ ਜਨਮ-ਦਿਹਾੜਾ ਪੰਜਾਬ ਪੱਧਰ ‘ਤੇ ਦਾਣਾ ਮੰਡੀ, ਨਜ਼ਦੀਕ ਅਰੋੜਾ ਪੈਲੇਸ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਵਿਸ਼ਾਲ ਸਮਾਗਮ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵਿਸ਼ੇਸ਼ ਤੌਰ ‘ਤੇ ਸ਼ਮੂਲੀਅਤ ਕਰਦਿਆਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੂੰ 18ਵੀਂ ਸਦੀ ਦਾ ਮਹਾਨ ਯੋਧਾ, ਰਾਮਗੜ੍ਹੀਆ ਮਿਸਲ ਦਾ ਬਾਨੀ ਅਤੇ ਲਾਲ ਕਿਲ੍ਹੇ ਦੇ ਜੇਤੂ ਜਰਨੈਲ ਵਜੋਂ ਯਾਦ ਕੀਤਾ। ਸਮਾਗਮ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦਾ ਨੌਜਵਾਨ ਵਰਗ



ਮੁੜ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀਕਲਾ ਲਈ ਇਕੱਠਾ ਹੋ ਰਿਹਾ ਹੈ ਅਤੇ ਪਾਰਟੀ ਦਾ ਬੀ.ਸੀ. ਵਿੰਗ ਹਰ ਮੋਰਚੇ ‘ਤੇ ਪਾਰਟੀ ਦੀਆਂ ਸੱਜੀਆਂ-ਖੱਬੀਆਂ ਬਾਂਹਾਂ ਵਜੋਂ ਡਟ ਕੇ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜੱਥੇਦਾਰ ਹੀਰਾ ਸਿੰਘ ਗਾਬੜੀਆ ਦੀ ਸਰਪ੍ਰਸਤੀ ਹੇਠ ਨੌਜਵਾਨ ਆਗੂ ਰਖਵਿੰਦਰ ਸਿੰਘ ਗਾਬੜੀਆ ਆਪਣੇ ਪਿਤਾ ਵੱਲੋਂ ਦਿੱਤੀ ਰਾਜਨੀਤਿਕ ਗੁੜਤੀ ਨੂੰ ਮਜ਼ਬੂਤੀ ਨਾਲ ਅੱਗੇ ਵਧਾ ਰਿਹਾ ਹੈ ਅਤੇ ਨੌਜਵਾਨਾਂ ਵਿੱਚ ਪਾਰਟੀ ਲਈ ਨਵਾਂ ਜੋਸ਼ ਭਰ ਰਹੇ ਹਨ। ਉਨ੍ਹਾਂ ਪਾਰਟੀ ਦੇ ਨੌਜਵਾਨਾਂ ਅਤੇ ਬੀ.ਸੀ. ਵਿੰਗ ਦੇ ਵਰਕਰਾਂ ਨੂੰ ਭਰੋਸਾ ਦਿਵਾਇਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ ਉਪਰੰਤ ਜੁਝਾਰੂ ਅਤੇ ਮਿਹਨਤੀ ਵਰਕਰਾਂ ਨੂੰ ਵੱਡੀਆਂ ਜ਼ਿੰਮੇਵਾਰੀਆਂ ਅਤੇ ਅਹਿਮ ਅਹੁਦਿਆਂ ਨਾਲ ਸਨਮਾਨਿਤ ਕੀਤਾ ਜਾਵੇਗਾ। ਇਹ ਮੌਕੇ ਡਾ: ਦਲਜੀਤ ਸਿੰਘ ਚੀਮਾ ਨੇ ਮਹਾਰਾਜਾ ਦੇ 303ਵੇਂ ਜਨਮ-ਦਿਹਾੜੇ ਮੌਕੇ ਉਨ੍ਹਾਂ ਨੂੰ ਸ਼ਰਧਾ ਅਤੇ ਸਤਿਕਾਰ ਨਾਲ ਯਾਦ ਕਰਦਿਆਂ ਕਿਹਾ ਕਿ ਮਹਾਰਾਜਾ ਜੱਸਾ ਸਿੰਘ



ਰਾਮਗੜ੍ਹੀਆ ਸਿੱਖ ਕੌਮ ਦੇ ਮਹਾਨ ਯੋਧੇ, ਦੂਰਅੰਦੇਸ਼ ਆਗੂ ਸਨ। ਉਨ੍ਹਾਂ ਨੇ ਆਪਣੇ ਜੀਵਨ ਦੌਰਾਨ ਸਿੱਖ ਰਾਜ ਦੀ ਮਜ਼ਬੂਤੀ, ਪੰਥ ਦੀ ਚੜ੍ਹਦੀ ਕਲਾ ਅਤੇ ਕੌਮ ਦੀ ਸੇਵਾ ਲਈ ਅਹਿਮ ਯੋਗਦਾਨ ਪਾਇਆ। ਇਸ ਮੌਕੇ ਜੱਥੇਦਾਰ ਹੀਰਾ ਸਿੰਘ ਗਾਬੜੀਆ ਨੇ ਕਿਹਾ ਕਿ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੇ ਨਾ ਸਿਰਫ਼ ਸਿੱਖ ਇਤਿਹਾਸ ਵਿੱਚ ਆਪਣਾ ਵਿਲੱਖਣ ਸਥਾਨ ਬਣਾਇਆ, ਸਗੋਂ ਕੌਮੀ ਏਕਤਾ ਅਤੇ ਸਮਾਜਿਕ ਭਾਈਚਾਰੇ ਨੂੰ ਮਜ਼ਬੂਤ ਕਰਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਮੌਕੇ ਉਨ੍ਹਾਂ ਨੇ ਸਮੂਹ ਸੰਗਤ ਅਤੇ ਪੰਜਾਬ ਵਾਸੀਆਂ ਨੂੰ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ-ਦਿਹਾੜੇ ਦੀਆਂ ਵਧਾਈਆਂ ਵੀ ਦਿੱਤੀਆਂ। ਇਸ ਮੌਕੇ ਬਿਕਰਮਜੀਤ ਸਿੰਘ ਖਾਲਸਾ, ਬਾਬਾ ਅਜੀਤ ਸਿੰਘ, ਜਸਪਾਲ ਸਿੰਘ ਗਿਆਸਪੁਰਾ, ਬੌਬੀ ਗਰਚਾ, ਤੇਜੀ ਸੰਧੂ, ਪਰਉਪ-ਕਾਰ ਸਿੰਘ ਘੁੰਮਣ, ਜਸਕਰਨ ਸਿੰਘ ਦਿਉਲ, ਕਮਲ ਚੇਤਲੀ, ਅੰਮਿਤ ਗੋਸਾਈ, ਜਗਦੇਵ ਸਿੰਘ ਗੋਹਲਵੜੀਆ, ਸਰੂਪ ਸਿੰਘ ਮਠਾੜੂ, ਵਿੱਕੀ ਕੁਲਾਰ, ਨਰਿੰਦਰ ਸਿੰਘ ਸੇਖਵਾਂ, ਬਲਵਿੰਦਰ ਸਿੰਘ ਲਾਇਲਪੁਰੀ, ਤੇਜਿੰਦਰ ਸਿੰਘ ਡੰਗ, ਗੁਰਚਰਨ ਸਿੰਘ ਗੁਰੂ, ਪ੍ਰਭਜੋਤ ਸਿੰਘ ਧਾਲੀਵਾਲ, ਮਨਪ੍ਰੀਤ ਸਿੰਘ ਛਤਵਾਲ, ਹਰਮਿੰਦਰ ਸਿੰਘ ਗਿਆਸਪੁਰਾ, ਅਮਨਜੋਤ ਸਿੰਘ ਗੋਹਲਵੜੀਆ, ਸੁਰਜੀਤ ਸਿੰਘ ਦੰਗਾ ਪੀੜਤ, ਮਨਜੀਤ ਸਿੰਘ ਲੰਬਰਦਾਰ, ਜਸਵਿੰਦਰ ਸਿੰਘ ਭੋਲਾ, ਦਵਿੰਦਰ ਸਿੰਘ ਕਲਸੀ, ਸਵਰਨ ਸਿੰਘ ਮਹੌਲੀ, ਬਲਵੀਰ ਸਿੰਘ ਮਣਕੂ, ਰਛਪਾਲ ਸਿੰਘ ਫੌਜੀ, ਸੰਤੋਖ ਸਿੰਘ, ਪੱਪੂ ਗੁੱਜਰ, ਚਮਕੌਰ ਸਿੰਘ ਉੱਭੀ, ਮਨਿੰਦਰ ਪਾਲ ਸਿੰਘ ਪਾਲੀ, ਧਰਮ ਸਿੰਘ ਬਾਜਵਾ, ਗੁਰਪ੍ਰੀਤ ਸਿੰਘ ਮਸੌਣ, ਰਾਜਵਿੰਦਰ ਸਿੰਘ ਪ੍ਰਧਾਨ, ਹਰਮਨਪ੍ਰੀਤ ਸਿੰਘ ਹੂੰਜਣ, ਸੁਖਬੀਰ ਸਿੰਘ, ਦਲਬੀਰ ਸਿੰਘ, ਜਤਿੰਦਰ ਸਿੰਘ, ਹੈਰੀ ਬੈਂਸ ਅਤੇ ਜਸਵਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਅਤੇ ਸਮਰਥਕ ਹਾਜ਼ਰ ਸਨ।

# ਸਤਾਈਆਂ ਦੇ ਸ਼ਹੀਦੀ ਜੋੜ ਮੇਲੇ ਮੌਕੇ ਲੱਖਾਂ ਸੰਗਤਾਂ ਹੋਈਆਂ ਨਤਮਸਤਕ

## ਸਜਾਏ ਧਾਰਮਿਕ ਦੀਵਾਨ, ਵੱਡੀ ਗਿਣਤੀ ਸੰਤਾਂ ਮਹਾਂਪੁਰਸ਼ਾਂ ਕੀਤੀ ਸ਼ਮੂਲੀਅਤ

**ਕਪੂਰਥਲਾ, 10 ਮਈ ( ਕੌੜਾ )-** ਸੰਤ ਸਿਪਾਹੀ ਮਹਾਨ ਤਪੱਸਵੀ ਸ਼ਹੀਦ ਸੰਤ ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲਿਆਂ ਦੀ ਯਾਦ ਵਿੱਚ 182ਵਾਂ ਸਲਾਨਾ ਸ਼ਹੀਦੀ ਜੋੜ ਮੇਲਾ ਸਤਾਈਆਂ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਠੱਟਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਇਲਾਕਾ ਨਿਵਾਸੀ ਸੰਗਤਾਂ, ਐਨਆਰਆਈ ਸੰਗਤਾਂ ਦੇ ਸਹਿਯੋਗ ਨਾਲ ਸੰਤ ਬਾਬਾ ਹਰਜੀਤ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਠੱਟਾ ਦੀ ਸੁਚੱਜੀ ਅਗਵਾਈ ਹੇਠ ਬੜੀ ਹੀ ਸ਼ਰਧਾ ਭਾਵਨਾ ਤੇ ਸਤਿਕਾਰ ਸਹਿਤ ਮਨਾਇਆ ਗਿਆ। ਸ਼ਹੀਦੀ ਦਿਹਾੜੇ ਮੌਕੇ ਅੱਜ 25 ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ ਸੰਤ ਬਾਬਾ ਲੀਡਰ ਸਿੰਘ ਗੁਰਸਰ ਸਾਹਿਬ ਸੈਫਲਾਬਾਦ ਵਾਲੇ, ਬਾਬਾ ਗੁਰਦੇਵ ਸਿੰਘ ਗੱਗੋਬੂਹਾ ਵਾਲੇ, ਹਰਦੀਪ ਸਿੰਘ ਡੇਰਾ ਮਹਾਰਾਜ ਸਿੰਘ ਜੀ ਅੰਮ੍ਰਿਤਸਰ, ਸੰਤ ਬਾਬਾ ਗੁਰ-ਰਾਜਪਾਲ ਸਿੰਘ ਅੰਮ੍ਰਿਤਸਰ ਵਾਲੇ,ਬਾਬਾ ਦਲਬੀਰ ਸਿੰਘ ਸੋਨੀ ਡੇਰਾ ਬਾਬਾ ਸ੍ਰੀ ਚੰਦ ਜੀ ਬੂੜੇਵਾਲ, ਬਾਬਾ ਜੈ ਸਿੰਘ ਮਹਿਮਦਵਾਲ ,ਬਾਬਾ ਨਰਿੰਦਰ ਸਿੰਘ,ਜਥੇਦਾਰ ਅਮਰਜੀਤ ਸਿੰਘ ਗੁਰਸਰ ਸਾਹਿਬ, ਜਥੇਦਾਰ ਇੰਦਰਜੀਤ ਸਿੰਘ ਗੁਰਸਰ ਸਾਹਿਬ,ਬਾਬਾ ਬਲਵਿੰਦਰ ਸਿੰਘ ਰੱਬ ਜੀ, ਬਾਬਾ ਮੰਗਲ ਸਿੰਘ ਆਦਿ ਸੰਤਾਂ ਮਹਾਂਪੁਰਸ਼ਾਂ ਸ਼ਿਰਕਤ ਕੀਤੀ ਅਤੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ ਜਿਨਾਂ ਦਾ ਮੁੱਖ ਸੇਵਾਦਾਰ ਸੰਤ ਬਾਬਾ ਹਰਜੀਤ ਸਿੰਘ ਵੱਲੋਂ ਸਿਰੋਪਾਓ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸ ਮਹਾਨ ਸਮਾਗਮ ਦੌਰਾਨ ਸੁੰਦਰ ਦੀਵਾਨ ਸਜਾਏ ਗਏ ਜਿਸ ਵਿੱਚ ਭਾਈ ਕੁਲਵੰਤ ਸਿੰਘ ਹਜ਼ੂਰੀ ਰਾਗੀ



ਗੁਰਦੁਆਰਾ ਦਮਦਮਾ ਸਾਹਿਬ, ਭਾਈ ਅਵਤਾਰ ਸਿੰਘ ਦੂਲੋਵਾਲ ਵਾਲਿਆਂ ਦਾ ਕਵੀਸ਼ਰੀ ਜਥਾ, ਬੀਬੀ ਤਜਿੰਦਰ ਕੌਰ ਜੋਸ਼ਨ ਦਾ ਢਾਡੀ ਜਥਾ,ਭਾਈ ਸੁਖਵਿੰਦਰ ਸਿੰਘ ਅਨਮੋਲ ਦਾ ਢਾਡੀ ਜਥਾ, ਭਾਈ ਗੁਰਦਿਆਲ ਸਿੰਘ ਢਿਲਵਾਂ ਕਵੀਸ਼ਰੀ ਜਥਾ ਆਦਿ ਵੱਲੋਂ ਗੁਰਬਾਣੀ ਕੀਰਤਨ, ਕਵੀਸ਼ਰੀ, ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਗੁਰਬਾਣੀ ਅਤੇ ਇਤਿਹਾਸ ਨਾਲ ਜੋੜਿਆ ਗਿਆ। ਸਮਾਗਮ ਦੌਰਾਨ ਸੰਤਾਂ ਮਹਾਂਪੁਰਸ਼ਾਂ ਤੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਵਾਲੀਆਂ ਸੰਗਤਾਂ ਤੇ ਸਮਾਗਮ ਦੌਰਾਨ ਸ਼ਿਰਕਤ ਕਰਨ ਵਾਲੀਆਂ ਸ਼ਖ਼ਸੀਅਤਾਂ ਦਾ ਮੁੱਖ ਸੇਵਾਦਾਰ ਸੰਤ ਬਾਬਾ ਹਰਜੀਤ ਸਿੰਘ ਵੱਲੋਂ ਸਿਰੋਪਾਓ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਹਨਾਂ ਸਮਾਗਮਾਂ ਵਿੱਚ ਵੱਡੀ ਗਿਣਤੀ ਵਿਚ ਸੇਵਾ ਸੁਸਾਇਟੀਆਂ, ਸਿੱਖ ਜਥੇਬੰਦੀਆਂ ਵੱਲੋਂ ਨਿਸ਼ਕਾਮ ਸੇਵਾ ਕਰਕੇ ਸਹਿਯੋਗ ਦਿੱਤਾ ਗਿਆ। ਇਸ ਮੌਕੇ ਹਲਕਾ ਵਿਧਾਇਕ ਰਾਣਾ ਇੰਦਰਪ੍ਰਤਾਪ ਸਿੰਘ, ਹਲਕਾ ਇੰਚਾਰਜ ਆਮ ਆਦਮੀ ਪਾਰਟੀ ਸੱਜਣ ਸਿੰਘ ਚੀਮਾ, ਸੀਨੀਅਰ ਮੀਤ ਪ੍ਰਧਾਨ ਐਸਜੀਪੀਸੀ ਬਲਦੇਵ ਸਿੰਘ ਕਲਿਆਣ, ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲ ਮੈਂਬਰ ਐਸਜੀਪੀਸੀ, ਜੋਗਾ ਸਿੰਘ ਕਾਲੇਵਾਲ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਅਮਰਜੀਤ ਸਿੰਘ ਜਿਲਾ ਪ੍ਰੀਸ਼ਦ ਮੈਂਬਰ, ਗੁਰਦੁਆਰਾ ਸ੍ਰੀ ਬੇਰ ਸਾਹਿਬ ਮੈਨੇਜਰ ਅਵਤਾਰ ਸਿੰਘ , ਐਡੀਸ਼ਨ ਮੈਨੇਜਰ ਚੈਂਚਲ ਸਿੰਘ,ਭਾਈ ਹਰਜਿੰਦਰ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਸ੍ਰੀ ਬੇਰ ਸਾਹਿਬ, ਜਥੇਦਾਰ ਗੁਰਦਿਆਲ ਸਿੰਘ ਖਾਲਸਾ, ਪਰਮਿੰਦਰ ਸਿੰਘ ਖਾਲਸਾ, ਦਿਲਬਾਗ ਸਿੰਘ ਗਿੱਲ, ਸਰਪੰਚ ਸੁਖਵਿੰਦਰ ਸਿੰਘ ਸੌਂਦ ਆਦਿ ਸਮੇਤ ਹੋਰ ਸ਼ਖਸ਼ੀਅਤਾਂ ਦਾ ਵੀ ਸੰਤ ਬਾਬਾ ਹਰਜੀਤ ਸਿੰਘ ਵੱਲੋਂ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਭਾਈ ਇੰਦਰਜੀਤ ਸਿੰਘ ਸੈਕਟਰੀ ਵੱਲੋਂ ਸਟੇਜ ਸਕੱਤਰ ਦੀ ਸੇਵਾ ਬਾਖੂਬੀ ਨਿਭਾਈ। ਲੱਖਾਂ ਦੀ ਤਦਾਦ ਵਿੱਚ ਹਾਜ਼ਰੀਆਂ ਭਰ ਰਹੀਆਂ ਸੰਗਤਾਂ ਵਾਸਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਹਨਾਂ ਸ਼ਹੀਦੀ ਸਮਾਗਮਾਂ ਸਮੇਂ ਸੰਗਤਾਂ ਵੱਲੋਂ ਦਿਨ ਰਾਤ ਨਿਰੰਤਰ ਨਿਸ਼ਕਾਮ ਸੇਵਾ ਕੀਤੀ ਗਈ।

# ਪੰਜਾਬ ਦੇ ਆਰਮੀ ਸਕੂਲਾਂ 'ਚ ਪੰਜਾਬੀ ਦੀ ਥਾਂ ਸੰਸਕ੍ਰਿਤ ਥੋਪਣ ਦੇ ਯਤਨਾਂ ਦੀ ਘੋਰ ਨਿਖੇਧੀ

## ਆਰਮੀ ਐਜੂਕੇਸ਼ਨ ਸੁਸਾਇਟੀ ਕੋਲੋਂ ਸਰਕੂਲਰ ਵਾਪਸ ਲੈਣ ਦੀ ਮੰਗ

**ਚੰਡੀਗੜ੍ਹ 10 ਮਈ ਭਾਰਤੀ ਕਮਿਊਨਿਸਟ ਪਾਰਟੀ ( ਮਾਰਕਸਵਾਦੀ – ਲੈਨਿਨਵਾਦੀ)** ਨਿਊ ਡੈਮੋਕਰੇਸੀ ਨੇ ਪੰਜਾਬ ਵਿੱਚ ਸਥਿਤ ਆਰਮੀ ਪਬਲਿਕ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਨੂੰ ਹਾਸ਼ੀਏ 'ਤੇ ਧੱਕਣ ਦੇ ਫੈਸਲੇ ਦਾ ਤਿੱਖਾ ਵਿਰੋਧ ਕਰਦਿਆਂ ਆਰਮੀ ਐਜੁਕਸ਼ਨ ਸੁਸਾਇਟੀ ਨੂੰ ਪੰਜਾਬੀ ਨੂੰ ਵਾਧੂ ਵਿਸ਼ੇ ਵਜੋਂ ਅਤੇ ਉਸਦੀ ਥਾਂ ਸੰਸਕ੍ਰਿਤ ਨੂੰ ਲਾਜ਼ਮੀ ਵਿਸ਼ਾ ਵਜੋਂ ਪੜਾਉਣ ਦਾ ਸਰਕੂਲਰ ਵਾਪਸ ਲੈਣ ਦੀ ਮੰਗ ਕੀਤੀ ਹੈ।ਪਾਰਟੀ ਦੀ ਪੰਜਾਬ ਇਕਾਈ ਦੇ ਸੀਨੀਅਰ ਆਗੂਆਂ ਕਾਮਰੇਡ ਅਜਮੇਰ ਸਿੰਘ ਸਮਰਾ ਅਤੇ ਕਾਮਰੇਡ ਕੁਲਵਿੰਦਰ ਸਿੰਘ ਵੜੈਚ ਨੇ ਇਸ ਸਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਇਹ ਨਾ ਸਿਰਫ਼ ਪੰਜਾਬੀ ਭਾਸ਼ਾ ਅਤੇ ਪੰਜਾਬ ਦੇ ਭਾਸ਼ਾ ਕਾਨੂੰਨ-2008 ਦੀ ਉਲੰਘਣਾ ਹੈ, ਸਗੋਂ ਸਿੱਖਿਆ ਨੀਤੀ-2020 ਅਤੇ ਨੈਸ਼ਨਲ ਪਾਠਕ੍ਰਮ ਢਾਂਚੇ ਦੀਆਂ ਭਾਵਨਾਵਾਂ ਦੇ ਵੀ ਖ਼ਿਲਾਫ਼ ਹੈ। ਪੰਜਾਬ ਦੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਤੋਂ ਵਾਂਝਾ ਕਰਨਾ ਬਹੁਤ ਹੀ ਚਿੰਤਾਜਨਕ ਅਤੇ ਮੰਦਭਾਗਾ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਭਾਸ਼ਾ ਕਾਨੂੰਨ ਦ ਪੰਜਾਬ ਲਰਨਿੰਗ ਆਫ ਪੰਜਾਬੀ ਐਂਡ ਅਦਰ ਲੈਂਗੁਏਜਜ਼ ( ਅਮੇਂਡਮੈਂਟ) ਐਕਟ-2008 ਅਨੁਸਾਰ ਪੰਜਾਬ ਦੇ ਹਰ ਸਕੂਲ ਵਿੱਚ ਦਸਵੀਂ ਜਮਾਤ ਤੱਕ ਪੰਜਾਬੀ ਭਾਸ਼ਾ ਦੀ ਪੜ੍ਹਾਈ ਲਾਜ਼ਮੀ ਹੈ, ਪਰ ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਵੱਲੋਂ ਜਾਰੀ ਕੀਤੇ ਸਰਕੂਲਰ ਵਿੱਚ ਪੰਜਾਬੀ ਨੂੰ ਇਕ ਵਾਧੂ ਭਾਸ਼ਾ ਵਜੋਂ ਰੱਖ ਕੇ ਸੰਸਕ੍ਰਿਤ ਨੂੰ ਲਾਜ਼ਮੀ ਤੌਰ 'ਤੇ ਪੜ੍ਹਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਪੰਜਾਬੀ ਨੂੰ ਵਾਧੂ ਅਤੇ ਸੰਸਕ੍ਰਿਤ ਨੂੰ ਲਾਜ਼ਮੀ ਕਰਨਾ ਦੇਸ਼ ਦੀ ਭਾਸ਼ਾਈ ਵੰਨਸੁਵੰਨਤਾ ਖਤਮ ਕਰਕੇ, ਹਿੰਦੂਤਵ ਨੂੰ ਠੋਸਣਾ ਸੱਭਿਆਚਾਰਕ ਫਾਸ਼ੀਵਾਦ ਹੈ ,ਜੋ ਸੰਘੀ ਫਾਸ਼ੀਵਾਦ ਦਾ ਅਨਿੱਖੜ ਅੰਗ ਹੈ ਅਤੇ ਕੇਂਦਰ ਸਰਕਾਰ ਦੀ ਨਵੀਂ ਸਿਖਿਆ ਨੀਤੀ ਨੂੰ ਲਾਗੂ ਕਰਨਾ ਹੈ। ਇਸੇ ਤਰ੍ਹਾਂ ਪੰਜ ਆਬੀ ਅਧਿਐਨ ਕੇਂਦਰ ਦੇ ਆਗੂ ਦੀਦਾਵਰ, ਸੈਕੂਲਰ ਅਵਾਮੀ ਦਲ ਦੇ ਯਾਦਵਿੰਦਰ ਵਾਹਦ, ਬਿੱਟੂ ਖਦੀਮ ਤੇ ਹੋਰਨਾਂ ਆਗੂਆਂ ਨੇ ਕਿਹਾ ਕਿ ਜਿਹੜੇ ਵਿਦਿਆਰਥੀ ਨਵੀਂ ਸਿੱਖਿਆ ਨੀਤੀ ਅਨੁਸਾਰ ਪੰਜਾਬੀ ਪੜ੍ਹਨਾ ਚਾਹੁੰਦੇ ਹਨ, ਉਹਨਾਂ ਨੂੰ ਵੀ ਸੰਸਕ੍ਰਿਤ ਵਿਸ਼ਾ ਲਾਜ਼ਮੀ ਤੌਰ 'ਤੇ ਪੜ੍ਹਣ ਬਾਰੇ ਕਿਹਾ ਜਾ ਰਿਹਾ ਹੈ। ਇਹ ਯਤਨ ਬੱਚਿਆਂ ਦੀ ਮਨੋਵਿਗਿਆਨਕ ਆਜ਼ਾਦੀ, ਸਿੱਖਣ ਦੇ ਅਧਿਕਾਰਾਂ, ਅਤੇ ਉਹਨਾਂ ਦੀ ਭਾਸ਼ਾ ਦੀ ਪਸੰਦ ਨਾਲ ਸਿੱਧਾ ਟਕਰਾਅ ਹੈ।ਉਨ੍ਹਾਂ ਕਿਹਾ ਕਿ ਐਨ ਪੀ ਐੱਫ-2020 ਅਤੇ ਐੱਨ ਸੀ ਐੱਫ ਦੋਵੇਂ ਹੀ ਬੱਚਿਆਂ ਲਈ ਲਚਕਦਾਰ ਪਾਠਕ੍ਰਮ ਮਾਤ ਭਾਸ਼ਾ ਅਧਾਰਿਤ ਸਿੱਖਿਆ ਅਤੇ "ਆਰ3" ਦੇ ਸਿਧਾਂਤਾਂ ਨੂੰ ਉਤਸ਼ਾਹਿਤ ਕਰਦੇ ਹਨ, ਜਿਸ ਅਨੁਸਾਰ ਵਿਦਿਆਰਥੀਆਂ ਨੂੰ ਆਪਣੀ ਰੁਚੀ ਅਤੇ ਸਥਾਨਕ ਭਾਸ਼ਾਈ ਪਿਛੋਕੜ ਦੇ ਅਨੁਸਾਰ ਵਿਸ਼ਿਆਂ ਦੀ ਚੋਣ ਦੀ ਆਜ਼ਾਦੀ ਹੈ ਪਰ ਆਰਮੀ ਐਜੂਕੇਸ਼ਨ ਸੁਸਾਇਟੀ ਵੱਲੋਂ ਸਿੱਖਿਆ ਨੀਤੀ ਦੀ ਭਾਵਨਾ ਨੂੰ ਵੀ ਜਾਣਬੁੱਝਕੇ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸਰਕੂਲਰ ਅਨੁਸਾਰ ਪੰਜਾਬੀ ਭਾਸ਼ਾ ਨੂੰ ਚੌਥੇ ਵਿਕਲਪ ਵਜੋਂ ਰੱਖਿਆ ਗਿਆ ਹੈ ਅਤੇ ਜੇਕਰ 15 ਤੋਂ ਘੱਟ ਵਿਦਿਆਰਥੀ ਪੰਜਾਬੀ ਚੁਣਦੇ ਹਨ ਤਾਂ ਸਕੂਲ ਪੰਜਾਬੀ ਅਧਿਆਪਕ ਦੀ ਨਿਯੁਕਤੀ ਵੀ ਨਹੀਂ ਕਰੇਗਾ। ਅਜਿਹੇ ਹਾਲਾਤ ਵਿੱਚ ਪੰਜਾਬੀ ਦੇ ਵਿਦਿਆਰਥੀਆਂ ਨੂੰ ਪੰਜਾਬੀ ਘਰ ਬੈਠ ਕੇ ਪੜ੍ਹਨ ਲਈ ਮਜਬੂਰ ਹੋਣਾ ਪਵੇਗਾ। ਸਪੱਸ਼ਟ ਹੈ ਕਿ ਇਹ ਫੈਸਲਾ ਵਿਦਿਆਰਥੀਆਂ ਲਈ ਭਾਸ਼ਾਈ ਵਿਕਲਪ ਵਾਲੀ ਸਿੱਖਿਆ ਨੀਤੀ ਦੇ ਵੀ ਵਿਰੁੱਧ ਹੈ। ਉਹਨਾਂ ਕਿਹਾ ਕਿ ਸੀ.ਬੀ.ਐਸ.ਈ. ਸਾਰੇ ਸਕੂਲਾਂ ਵਿੱਚ ਭਾਸ਼ਾ ਨੀਤੀ ਅਤੇ ਸਿੱਖਿਆ ਨੀਤੀ ਦੇ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਏ।ਉਹਨਾਂ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਨੂੰ ਪੰਜਾਬੀ ਭਾਸ਼ਾ ਦੀ ਰੱਖਿਆ ਲਈ ਤੁਰੰਤ ਦਖਲ ਦੇਣ ਦੀ ਮੰਗ ਕੀਤੀ ਹੈ।

# ਪੁਰਾਣੀ ਪੈਨਸ਼ਨ ਬਹਾਲੀ ਲਈ 'ਫਰੰਟ ਅਗੇਂਸਟ ਐਨ.ਪੀ.ਐਸ. ਇਨ ਰੇਲਵੇ' ਦੀ ਅਹਿਮ ਮੀਟਿੰਗ

## 6 ਸਤੰਬਰ ਨੂੰ ਲਖਨਊ ਵਿੱਚ ਹੋਵੇਗਾ ਰਾਸ਼ਟਰੀ ਸੰਮੇਲਨ

**ਕਪੂਰਥਲਾ, 10 ਮਈ (ਕੌੜਾ )–** ਅੱਜ ਨਵੀਂ ਦਿੱਲੀ ਦੇ ਲਕਸ਼ਮੀ ਨਗਰ ਸਥਿਤ ਚਾਰੂ ਭਵਨ ਵਿੱਚ ਫਰੰਟ ਅਗੇਂਸਟ ਐਨ.ਪੀ.ਐਸ. ਇਨ ਰੇਲਵੇ ਦੀ ਇੱਕ ਬਹੁਤ ਹੀ ਮਹੱਤਵਪੂਰਨ ਕਾਰਜਕਾਰੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਜਥੇਬੰਦੀ ਦੇ ਪ੍ਰਧਾਨ ਅਮਰੀਕ ਸਿੰਘ ਨੇ ਕੀਤੀ। ਮੀਟਿੰਗ ਵਿੱਚ ਇੰਡੀਅਨ ਰੇਲਵੇ ਇੰਪਲਾਈਜ਼ ਫੈਡਰੇਸ਼ਨ ਦੇ ਜਨਰਲ ਸਕੱਤਰ ਸਰਵਜੀਤ ਸਿੰਘ ਅਤੇ ਐਕਟੂ ਦੇ ਜਨਰਲ ਸਕੱਤਰ ਰਾਜੀਵ ਡਿਮਰੀ ਵਿਸ਼ੇਸ਼ ਤੌਰ 'ਤੇ ਨਿਗਰਾਨ ਵਜੋਂ ਹਾਜ਼ਰ ਹੋਏ। ਮੀਟਿੰਗ ਦੌਰਾਨ ਜਥੇਬੰਦੀ ਦੀ ਮਜ਼ਬੂਤੀ ਅਤੇ ਪੁਰਾਣੀ ਪੈਨਸ਼ਨ ਬਹਾਲੀ ਦੇ ਸੰਘਰਸ਼ ਨੂੰ ਤੇਜ਼ ਕਰਨ 'ਤੇ ਗੰਭੀਰ ਚਰਚਾ ਕੀਤੀ ਗਈ। ਇਸ ਮੌਕੇ ਕਾਰਜਕਾਰੀ ਪ੍ਰਧਾਨ ਤਰਸੇਮ ਸਿੰਘ, ਵਧੀਕ ਜਨਰਲ ਸਕੱਤਰ ਭਰਤ ਰਾਜ ਸਮੇਤ ਵੱਖ-ਵੱਖ ਜ਼ੋਨਾਂ ਤੋਂ ਆਏ ਨੁਮਾਇੰਦਿਆਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ ਹਰੀਕੇਸ਼ ਰਾਏਬਰੇਲੀ, ਯੋਗਿੰਦਰ ਯਾਦਵ ਮਾਡਰਨ ਕੋਚ ਫੈਕਟਰੀ ਰਾਏਬਰੇਲੀ, ਲੋਕੇਸ਼ ਮੀਨਾ ਪੱਛਮੀ ਮੱਧ ਰੇਲਵੇ ਕੋਟਾ, ਸ਼ਿਵ ਸ਼ੰਕਰ ਸਿੰਘ ਨੌਰਥ ਈਸਟਰਨ ਰੇਲਵੇ ਵਾਰਾਣਸੀ, ਸਰੋਜ ਕੁਮਾਰ ਸਿੰਘ ਬਨਾਰਸ ਰੇਲ ਇੰਜਣ ਕਾਰਖਾਨਾ ਵਾਰਾਣਸੀ, ਮਹੇਸ਼ ਕੁਮਾਰ ਮੀਨਾ ਨੌਰਦਰਨ ਰੇਲਵੇ ਦਿੱਲੀ, ਜਿਤੇਂਦਰ ਸਿੰਘ ਪਟਿਆਲਾ ਰੇਲ ਇੰਜਣ ਕਾਰਖਾਨਾ ਪਟਿਆਲਾ ਅਤੇ ਸਰਬਜੀਤ ਸਿੰਘ ਰੇਲ ਕੋਚ ਫੈਕਟਰੀ ਕਪੂਰਥਲਾ ਪ੍ਰਮੁੱਖ ਸਨ।ਮੀਟਿੰਗ ਵਿੱਚ ਜਥੇਬੰਦੀ ਦੇ



ਭਵਿੱਖ ਦੀ ਰੂਪ-ਰੇਖਾ ਤੈਅ ਕਰਦਿਆਂ ਕਈ ਨਿਰਣਾਇਕ ਫੈਸਲੇ ਲਏ ਗਏ। ਇਹ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਫਰੰਟ ਅਗੇਂਸਟ ਐਨ.ਪੀ.ਐਸ. ਇਨ ਰੇਲਵੇ ਹੁਣ ਪੂਰੀ ਤਰ੍ਹਾਂ ਇੰਡੀਅਨ ਰੇਲਵੇ ਇੰਪਲਾਈਜ਼ ਫੈਡਰੇਸ਼ਨ ਅਤੇ ਜ਼ੋਨਲ ਯੂਨੀਅਨਾਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਪਣੀਆਂ ਗਤੀਵਿਧੀਆਂ ਚਲਾਏਗਾ। ਜਥੇਬੰਦੀ ਨੂੰ ਪ੍ਰਸ਼ਾਸਨਿਕ ਤੌਰ 'ਤੇ ਮਜ਼ਬੂਤ ਕਰਨ ਦੇ ਉਦੇਸ਼ ਨਾਲ ਅਗਲੇ ਸੱਤ ਦਿਨਾਂ ਦੇ ਅੰਦਰ ਇੱਕ ਵਰਚੁਅਲ ਮੀਟਿੰਗ ਬੁਲਾਈ ਜਾਵੇਗੀ। ਇਸ ਦੇ ਨਾਲ ਹੀ, ਇੱਕ ਮਹੀਨੇ ਦੇ ਅੰਦਰ ਸਾਰੇ ਰੇਲਵੇ ਜ਼ੋਨਾਂ ਵਿੱਚ ਫਰੰਟ ਦੀ ਨਵੀਂ ਕਾਰਜਕਾਰਨੀ ਦਾ ਗਠਨ ਯਕੀਨੀ ਬਣਾਇਆ ਜਾਵੇਗਾ। ਜਥੇਬੰਦੀ ਦੀ ਨਿਰੰਤਰਤਾ ਬਣਾਈ ਰੱਖਣ ਲਈ ਇਹ ਤੈਅ ਹੋਇਆ ਕਿ ਹਰ ਮਹੀਨੇ ਵਰਚੁਅਲ ਅਤੇ ਹਰ ਤਿੰਨ ਮਹੀਨੇ ਬਾਅਦ ਇੱਕ ਵਾਰ ਆਫਲਾਈਨ ਮੀਟਿੰਗ ਲਾਜ਼ਮੀ ਤੌਰ 'ਤੇ ਕੀਤੀ ਜਾਵੇਗੀ। ਮੌਜੂਦਾ ਹਾਲਾਤਾਂ ਨੂੰ ਦੇਖਦੇ ਹੋਏ ਜਨਰਲ ਸਕੱਤਰ ਦੀ ਗੈਰ-ਹਾਜ਼ਰੀ ਵਿੱਚ ਕੰਮਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਐਕਟਿੰਗ ਜਨਰਲ ਸਕੱਤਰ ਅਤੇ ਐਕਟਿੰਗ ਖਜ਼ਾਨਚੀ ਦੀਆਂ ਨਿਯੁਕਤੀਆਂ ਵੀ ਕੀਤੀਆਂ ਗਈਆਂ।ਸੰਘਰਸ਼ ਦੇ ਅਗਲੇ ਪੜਾਅ ਦਾ ਐਲਾਨ ਕਰਦਿਆਂ ਪ੍ਰਧਾਨ ਅਮਰੀਕ ਸਿੰਘ ਨੇ ਦੱਸਿਆ ਕਿ 6 ਸਤੰਬਰ ਨੂੰ ਲਖਨਊ ਵਿੱਚ ਫਰੰਟ ਦਾ ਵੱਡਾ ਰਾਸ਼ਟਰੀ ਸੰਮੇਲਨ ਕਰਵਾਇਆ ਜਾਵੇਗਾ, ਜੋ ਦੇਸ਼ ਭਰ ਦੇ ਰੇਲ ਮੁਲਾਜ਼ਮਾਂ ਨੂੰ ਇੱਕਜੁੱਟ ਕਰਨ ਵਿੱਚ ਮੀਲ ਦਾ ਪੱਥਰ ਸਾਬਤ ਹੋਵੇਗਾ। ਮੀਟਿੰਗ ਵਿੱਚ ਸਾਰੇ ਜ਼ੋਨਾਂ ਲਈ ਵਿਸ਼ੇਸ਼ ਆਰਗੇਨਾਈਜ਼ਰ ਵੀ ਨਿਯੁਕਤ ਕੀਤੇ ਗਏ ਹਨ, ਜੋ ਖੇਤਰੀ ਪੱਧਰ 'ਤੇ ਪੁਰਾਣੀ ਪੈਨਸ਼ਨ ਦੀ ਮੰਗ ਨੂੰ ਹੋਰ ਤੇਜ਼ ਕਰਨਗੇ। ਪ੍ਰਧਾਨ ਨੇ ਸਪੱਸ਼ਟ ਕੀਤਾ ਕਿ ਜਥੇਬੰਦੀ ਦਾ ਇੱਕੋ-ਇੱਕ ਟੀਚਾ ਐਨ.ਪੀ.ਐਸ. ਨੂੰ ਖਤਮ ਕਰਕੇ ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਕਰਵਾਉਣਾ ਹੈ ਅਤੇ ਇਸ ਲਈ ਰੇਲ ਮੁਲਾਜ਼ਮ ਕਿਸੇ ਵੀ ਵੱਡੇ ਅੰਦੋਲਨ ਤੋਂ ਪਿੱਛੇ ਨਹੀਂ ਹਟਣਗੇ। ਜਿਨ੍ਹਾਂ ਜ਼ੋਨਾਂ ਦੇ ਨੁਮਾਇੰਦੇ ਕਿਸੇ ਖਾਸ ਕਾਰਨਾਂ ਕਰਕੇ ਇਸ ਮੀਟਿੰਗ ਵਿੱਚ ਸ਼ਾਮਲ ਨਹੀਂ ਹੋ ਸਕੇ, ਉਨ੍ਹਾਂ ਨੇ ਆਪਣੀ ਵਚਨਬੱਧਤਾ ਦੁਹਰਾਉਂਦੇ ਹੋਏ ਜਥੇਬੰਦੀ ਦੇ ਫੈਸਲਿਆਂ ਦਾ ਪੂਰਾ ਸਮਰਥਨ ਕੀਤਾ ਹੈ।

for more news visit:
www.samajweekly.com

# ਕਾਰ ਬੂਟ ਸੇਲ ਤੋਂ £25 ਵਿੱਚ ਖਰੀਦਿਆ ਕੈਪਟਨ ਕੁੱਕ ਦਾ ਤਮਗਾ ਨਿਲਾਮੀ ’ਚ £5,000 ਵਿੱਚ ਵਿਕਿਆ

**ਲੈਸਟਰ (ਇੰਗਲੈਂਡ), 10 ਮਈ (ਸੁਖਜਿੰਦਰ ਸਿੰਘ ਢੱਡੇ)–** ਬਰਤਾਨੀਆ ਦੇ ਪ੍ਰਸਿੱਧ ਸਮੁੰਦਰੀ ਖੋਜੀ ਕੈਪਟਨ ਜੇਮਜ਼ ਕੁੱਕ ਦੀ ਯਾਦ ਵਿਚ ਤਿਆਰ ਕੀਤਾ ਗਿਆ 18ਵੀਂ ਸਦੀ ਦਾ ਇਕ ਬਹੁਤ ਹੀ ਦੁਰਲੱਭ ਕਾਂਸੀ ਦਾ ਤਮਗਾ ਵੈਸਟ ਯਾਰਕਸ਼ਾਇਰ ਦੀ ਇਕ ਕਾਰ ਬੂਟ ਸੇਲ ਤੋਂ ਸਿਰਫ਼ £25 ਵਿਚ ਖਰੀਦਿਆ ਗਿਆ ਸੀ, ਜੋ ਹੁਣ ਨਿਲਾਮੀ ਦੌਰਾਨ £5,000 ਵਿਚ ਵਿਕ ਕੇ ਚਰਚਾ ਦਾ ਕੇਂਦਰ ਬਣ ਗਿਆ ਹੈ।

ਇਹ ਇਤਿਹਾਸਕ ਤਮਗਾ ਹੁਣ ਵਿਟਬੀ ਸਥਿਤ ਕੈਪਟਨ ਕੁੱਕ ਮੈਮੋਰੀਅਲ ਮਿਊਜ਼ੀਅਮ ਵੱਲੋਂ ਖਰੀਦਿਆ ਗਿਆ ਹੈ। ਮਿਊਜ਼ੀਅਮ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਇਸ ਤਮਗੇ ਨੂੰ ਕੈਪਟਨ ਕੁੱਕ ਦੇ ਜਨਮ ਦੇ 300 ਸਾਲ ਪੂਰੇ ਹੋਣ ਮੌਕੇ ਲਗਾਈ ਜਾਣ ਵਾਲੀ ਵਿਸ਼ੇਸ਼ ਪ੍ਰਦਰਸ਼ਨੀ ਵਿਚ ਰੱਖਿਆ ਜਾਵੇਗਾ। ਕੈਪਟਨ ਜੇਮਜ਼ ਕੁੱਕ ਦਾ ਜਨਮ 1728 ਵਿਚ ਹੋਇਆ ਸੀ ਅਤੇ ਉਹ ਦੁਨੀਆ ਦੇ ਸਭ ਤੋਂ ਮਸ਼ਹੂਰ ਖੋਜੀਆਂ ਵਿਚੋਂ ਇਕ ਮੰਨੇ ਜਾਂਦੇ ਹਨ।

ਜਿਸ ਵਿਅਕਤੀ ਨੇ ਇਹ ਤਮਗਾ ਖਰੀਦਿਆ ਸੀ, ਉਸ ਨੇ ਦੱਸਿਆ ਕਿ ਉਹ ਵੈਸਟ ਯਾਰਕਸ਼ਾਇਰ ਦੀ ਇਕ ਕਾਰ ਬੂਟ ਸੇਲ ’ਤੇ ਗਿਆ ਸੀ, ਜਿੱਥੇ ਉਸ ਨੇ ਪੁਰਾਣੇ ਸਿੱਕਿਆਂ ਅਤੇ ਤਮਗਿਆਂ ਨਾਲ ਭਰਿਆ ਇਕ ਡੱਬਾ ਸਿਰਫ਼ £25 ਵਿਚ ਖਰੀਦ ਲਿਆ। ਉਸ ਸਮੇਂ ਉਸ ਨੂੰ ਇਹ ਅਹਿਸਾਸ ਨਹੀਂ ਸੀ ਕਿ ਉਸ ਡੱਬੇ ਵਿਚ ਕੈਪਟਨ ਕੁੱਕ ਨਾਲ ਸਬੰਧਤ ਇਕ ਇਤਿਹਾਸਕ ਅਤੇ ਬਹੁਤ ਦੁਰਲੱਭ ਤਮਗਾ ਵੀ ਮੌਜੂਦ ਹੈ।

ਬਾਅਦ ਵਿਚ ਜਦੋਂ ਮਾਹਿਰਾਂ ਨੇ ਜਾਂਚ ਕੀਤੀ ਤਾਂ ਪਤਾ ਲੱਗਿਆ ਕਿ ਇਹ ਤਮਗਾ 18ਵੀਂ ਸਦੀ ਵਿਚ ਕੈਪਟਨ ਕੁੱਕ ਦੀ ਮੌਤ ਦੀ ਯਾਦ ਵਿਚ ਤਿਆਰ ਕੀਤਾ ਗਿਆ ਸੀ। ਇਹ ਤਮਗਾ ਕਾਫ਼ੀ ਦੁਰਲੱਭ ਹੈ ਅਤੇ ਇਸ ਵਰਗੇ ਸਿਰਫ਼ ਦੋ ਹੋਰ ਨਮੂਨੇ ਹੀ ਦੁਨੀਆ ਭਰ ਦੇ ਮਿਊਜ਼ੀਅਮਾਂ ਵਿਚ ਦਰਜ ਹਨ। ਇਕ ਨਮੂਨਾ ਗ੍ਰੀਨਵਿਚ ਅਤੇ ਦੂਜਾ ਆਸਟ੍ਰੇਲੀਆ ਦੇ ਸਿਡਨੀ ਮਿਊਜ਼ੀਅਮ ਵਿਚ ਮੌਜੂਦ ਹੈ।



ਦੁਰਲੱਭ ਸਿੱਕੇ ਦਾ ਦ੍ਰਿਸ। ਤਸਵੀਰ:– ਸੁਖਜਿੰਦਰ ਸਿੰਘ ਢੱਡੇ

ਟੈਨੈਂਟਸ ਆਕਸ਼ਨੀਅਰਜ਼ ਦੇ ਸਿੱਕਾ ਮਾਹਿਰ ਵਿਲ ਡੌਬਿਨਜ਼ ਨੇ ਕਿਹਾ ਕਿ ਇਹ ਨਿਲਾਮੀ ਬਹੁਤ ਖਾਸ ਰਹੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਇਹ ਤਮਗਾ ਹੁਣ ਕੈਪਟਨ ਕੁੱਕ ਮੈਮੋਰੀਅਲ ਮਿਊਜ਼ੀਅਮ ਵਿਚ ਰੱਖਿਆ ਜਾਵੇਗਾ, ਜਿੱਥੇ ਲੋਕ ਇਸ ਨੂੰ ਨੇੜੇ ਤੋਂ ਦੇਖ ਸਕਣਗੇ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਇਕ ਤਮਗਾ ਨਹੀਂ, ਸਗੋਂ ਬਰਤਾਨਵੀ ਸਮੁੰਦਰੀ ਇਤਿਹਾਸ ਦੀ ਮਹੱਤਵਪੂਰਨ ਨਿਸ਼ਾਨੀ ਹੈ।

ਮਿਊਜ਼ੀਅਮ ਦੇ ਟਰੱਸਟੀ ਬੋਰਡ ਦੇ ਚੇਅਰਮੈਨ ਰਿਚਰਡ ਕੋਰਨਿਕੀ ਨੇ ਦੱਸਿਆ ਕਿ ਇਹ ਤਮਗਾ ਉਸ ਇਮਾਰਤ ਵਿਚ ਰੱਖਿਆ ਜਾਵੇਗਾ ਜਿੱਥੇ ਨੌਜਵਾਨ ਜੇਮਜ਼ ਕੁੱਕ ਨੇ ਸਮੁੰਦਰੀ ਜੀਵਨ ਦੀ ਸਿਖਲਾਈ ਲਈ ਸੀ। ਉਨ੍ਹਾਂ ਕਿਹਾ ਕਿ ਵਿਟਬੀ ਸ਼ਹਿਰ ਕੈਪਟਨ ਕੁੱਕ ਦੇ ਜੀਵਨ ਨਾਲ ਡੂੰਘੇ ਤੌਰ ’ਤੇ ਜੁੜਿਆ ਹੋਇਆ ਹੈ ਅਤੇ ਇਹ ਤਮਗਾ ਮਿਊਜ਼ੀਅਮ ਦੀ ਸ਼ਾਨ ਵਿਚ ਹੋਰ ਵਾਧਾ ਕਰੇਗਾ।

ਕੈਪਟਨ ਜੇਮਜ਼ ਕੁੱਕ ਨੇ 1768 ਵਿਚ ਐਚਐਮ ਬਾਰਕ ਐਂਡੇਵਰ ਜਹਾਜ਼ ਰਾਹੀਂ ਆਪਣੀ ਪਹਿਲੀ ਸਮੁੰਦਰੀ ਯਾਤਰਾ ਸ਼ੁਰੂ ਕੀਤੀ ਸੀ। ਉਹ ਤਿੰਨ ਵੱਡੀਆਂ ਸਮੁੰਦਰੀ ਯਾਤਰਾਵਾਂ ਲਈ ਮਸ਼ਹੂਰ ਹਨ, ਜਿਨ੍ਹਾਂ ਦੌਰਾਨ ਉਨ੍ਹਾਂ ਨੇ ਦੁਨੀਆ ਦੇ ਕਈ ਨਵੇਂ ਖੇਤਰਾਂ ਦੀ ਖੋਜ ਕੀਤੀ। ਉਨ੍ਹਾਂ ਨੇ ਤਾਹੀਤੀ ਸਮੇਤ ਕਈ ਟਾਪੂਆਂ ਅਤੇ ਪ੍ਰਸ਼ਾਂਤ ਮਹਾਸਾਗਰ ਦੇ ਇਲਾਕਿਆਂ ਬਾਰੇ ਮਹੱਤਵਪੂਰਨ ਜਾਣਕਾਰੀ ਦੁਨੀਆ ਸਾਹ-ਮਣੇ ਰੱਖੀ।

ਉਨ੍ਹਾਂ ਦੀਆਂ ਯਾਤਰਾਵਾਂ ਨੇ ਭੂਗੋਲ, ਸਮੁੰਦਰੀ ਵਿਗਿਆਨ ਅਤੇ ਖਗੋਲ ਵਿਗਿਆਨ ਦੇ ਖੇਤਰਾਂ ਵਿਚ ਵੱਡਾ ਯੋਗਦਾਨ ਪਾਇਆ। 1779 ਵਿਚ ਹਵਾਈ ਟਾਪੂ ’ਚ ਸਥਾਨਕ ਲੋਕਾਂ ਨਾਲ ਹੋਈ ਝੜਪ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ ਸੀ।

ਰੌਇਲ ਮਿੰਟ ਵੱਲੋਂ ਵੀ ਕੈਪਟਨ ਕੁੱਕ ਦੀ ਯਾਦ ਵਿਚ ਕਈ ਯਾਦਗਾਰੀ ਸਿੱਕੇ ਅਤੇ ਤਮਗੇ ਜਾਰੀ ਕੀਤੇ ਜਾ ਚੁੱਕੇ ਹਨ। 1928 ਵਿਚ ਉਨ੍ਹਾਂ ਦੇ ਜਨਮ ਦੇ 200 ਸਾਲ ਪੂਰੇ ਹੋਣ ’ਤੇ ਪਹਿਲਾ ਯਾਦਗਾਰੀ ਸਿੱਕਾ ਜਾਰੀ ਕੀਤਾ ਗਿਆ ਸੀ, ਜਦਕਿ ਹਾਲੀਆ ਸਾਲਾਂ ਵਿਚ ਵੀ ਉਨ੍ਹਾਂ ਦੀਆਂ ਸਮੁੰਦਰੀ ਯਾਤਰਾਵਾਂ ਨੂੰ ਸਮਰਪਿਤ ਵਿਸ਼ੇਸ਼ ਸਿੱਕੇ ਜਾਰੀ ਕੀਤੇ ਗਏ ਹਨ।

# ਸ੍ਰੀ ਖੁਰਾਲਗੜ ਸਾਹਿਬ ਮੱਥਾ ਟੇਕ ਕੇ ਵਾਪਸ ਆ ਰਹੀ ਬੱਸ ਖੱਡ ਵਿਚ ਡਿੱਗੀ, ਜਾਨੀ ਨੁਕਸਾਨ ਤੋਂ ਹੋਇਆ ਬਚਾਅ, ਸੰਤ ਸਤਵਿੰਦਰ ਹੀਰਾ ਨੇ ਮੌਕੇ ਤੇ ਪਹੁੰਚਕੇ ਸੰਗਤਾਂ ਦਾ ਹਾਲ ਜਾਣਿਆ

## ਇਕ ਔਰਤ,ਛੋਟੀ ਬੱਚੀ ਤੇ ਦੋ ਵਿਅਕਤੀ ਬਾਲ ਬਾਲ ਬਚੇ

**ਹੁਸ਼ਿਆਰਪੁਰ 10 ਮਈ (ਤਰਸੇਮ ਦੀਵਾਨਾ )** - ਸ੍ਰੀ ਚਰਨਛੋਹ ਗੰਗਾ ਸ੍ਰੀ ਖੁਰਾਲਗੜ ਸਾਹਿਬ ਵਿਖੇ ਮੱਥਾ ਟੇਕ ਕੇ ਵਾਪਸ ਆ ਰਹੀ ਬੱਸ ਚੜਾਈ ਚੜ੍ਹਦੇ ਸਮੇਂ ਬ੍ਰੇਕ ਫੇਲ ਹੋਣ ਕਰਕੇ ਡੂੰਗੀ ਖੱਡ ਵਿੱਚ ਜਾ ਡਿਗੀ।



ਅੱਜ ਸਵੇਰੇ ਪਿੰਡ ਦੌਲਤ ਪੁਰ ਫਗਵਾੜੇ ਤੋਂ ਇਕ ਬੱਸ ਨੰਬਰ ਪੀ ਵੀ 08 ਬੀ ਜੈਡ 0181 ਭਰਕੇ ਇਤਿਹਾਸਕ ਅਸਥਾਨ ਸ੍ਰੀ ਚਰਨਛੋਹ ਗੰਗਾ ਅਤੇ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਬੇਗਮਪੁਰਾ ਸ੍ਰੀ ਖੁਰਾਲਗੜ ਸਾਹਿਬ ਦੇ ਦਰਸ਼ਨਾਂ ਲਈ ਆਈ ਸੀ ਜਿਸ ਵਿੱਚ 55 ਦੇ ਕਰੀਬ ਸਵਾਰੀਆਂ ਸਨ। ਮੱਥਾ ਟੇਕ ਕੇ ਵਾਪਸ ਜਾਣ ਸਮੇਂ ਸ੍ਰੀ ਬੇਗਮਪੁਰਾ ਚੌਂਕ ਤੋਂ ਖ਼ੁਰਾਲੀ ਪਿੰਡ ਨੂੰ ਚੜਾਈ ਚੜ੍ਹਦੇ ਸਮੇਂ ਗੱਡੀ ਦੀ ਬ੍ਰੇਕ ਫੇਲ ਹੋਣ ਕਰਕੇ ਬੱਸ ਪਿੱਛੇ ਵੱਲ ਆ ਕੇ ਡੂੰਗੀ ਖੱਡ ਵੱਲ ਘੁੰਮ ਗਈ ਤੇ ਪਿਛਲੇ ਟਾਇਰਾਂ ਤੋਂ ਡੂੰਗੀ ਖੱਡ ਵਿਚ ਡਿੱਗ ਪਈ।

ਬੱਸ ਵਿੱਚ 3-4 ਸਵਾਰੀਆਂ ਨੂੰ ਛੱਡ ਕੇ ਬਾਕੀ ਬੱਸ ਖਾਲੀ ਕਰਕੇ ਸਵਾਰੀਆਂ ਨੂੰ ਹੇਠਾਂ ਉਤਾਰਨ ਕਰਕੇ ਭਾਰੀ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ । ਇਕ ਔਰਤ,ਇਕ ਚਾਰ ਸਾਲ ਦੀ ਬੱਚੀ ਅਤੇ ਡਰਾਈਵਰ ਸਮੇਤ ਤਿੰਨ ਹੋਰ ਵਿਅਕਤੀ ਬੱਸ ਵਿੱਚ ਸਵਾਰ ਸਨ । ਇਕ ਵਿਅਕਤੀ ਨੂੰ ਮਾਮੂਲੀ ਸੱਟਾਂ ਲੱਗੀਆਂ ਅਤੇ ਮੌਕੇ ਤੇ ਹਾਜਰ ਲੋਕਾਂ ਵਲੋਂ ਉਨਾਂ ਨੂੰ ਬੱਸ ਵਿਚੋਂ ਸੁਰੱਖਿਅਤ ਬਾਹਰ ਕੱਢਿਆ।




ਇਸ ਮੌਕੇ ਸੰਗਤ ਨਾਲ ਆਏ ਸੁਖਦੇਵ ਰਾਜ ਨੇ ਦੱਸਿਆ ਕਿ ਪਿੰਡ ਦੌਲਤ ਪੁਰ ਫਗਵਾੜੇ ਤੋਂ ਸੰਗਤ ਸ੍ਰੀ ਖੁਰਾਲਗੜ ਸਾਹਿਬ ਮੱਥਾ ਟੇਕ ਕੇ ਵਾਪਸ ਜਾ ਰਹੀ ਤਾਂ ਬੇਗਮਪੁਰਾ ਚੌਂਕ ਤੋਂ ਚੜਾਈ ਚੜ੍ਹਨ ਸਮੇਂ ਇਹ ਹਾਦਸਾ ਵਾਪਰ ਗਿਆ।




ਇਸ ਮੌਕੇ ਤੇ ਹਾਜਰ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਨੇ ਸੰਗਤਾਂ ਦਾ ਹਾਲ ਜਾਣਿਆ ਅਤੇ ਕਿਹਾ ਕਿ ਇਹ ਰਸਤਾ ਖਤਰਨਾਕ ਹੈ ਇਥੇ ਪਹਿਲਾਂ ਕਈ ਐਕਸੀਡੈਂਟ ਹੋ ਚੁੱਕੇ ਹਨ ਤੇ ਅਨੇਕਾਂ ਕੀਮਤੀ ਜਾਨਾਂ ਜਾ ਚੁੱਕੀਆਂ ਹਨ। ਉਨਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਖਤਰਨਾਕ ਰੋਡ ਨੂੰ ਵੱਡੀਆਂ ਗੱਡੀਆਂ ਲਈ ਬੰਦ ਕੀਤਾ ਜਾਵੇ ਅਤੇ ਟਰੈਫਿਕ ਪੁਲਿਸ ਦੀ ਨਿਗਰਾਨੀ ਲਈ ਪੱਕੀ ਡਿਊਟੀ ਲਗਾਈ ਜਾਵੇ ਤਾਂ ਦੁਰਘਟਨਾਵਾਂ ਤੋਂ ਬਚਾਅ ਹੋ ਸਕੇ।

**ਫੋਟੋ ਅਜਮੇਰ ਦੀਵਾਨਾ**

# ਮਾਪੇ ਸਦਾ ਨਹੀਂ ਰਹਿੰਦੇ

ਮਾਂ ਨਹੀਂ ਰਹੀ ਤਾਂ ਕੀ ਹੋਇਆ ,
ਉਹ ਮਾਂ ਬੋਲੀ ਵਿੱਚ ਵਸਦੀ ਐ ।
ਜਦ ਪੁਜਦਾਂ ਉਸ ਦੀ ਬੋਲੀ ਨੂੰ ,
ਓਹ ਵੇਖ ਵੇਖ ਕੇ ਹਸਦੀ ਐ ।
ਜੋ ਵੀ ਸਿੱਖਿਆ ਸੀ ਮਾਂ ਕੋਲੋਂ ,
ਉਹ ਗੀਤਾਂ ਦੇ ਵਿੱਚ ਢਾਲ ਲਿਆ ;
ਜੋ ਕੁੱਝ ਸਿੱਖਣ ਤੋਂ ਰਹਿੰਦਾ ਏ ,
ਉਹ ਮਾਤ ਭਾਸ਼ਾ ਹੁਣ ਦਸਦੀ ਐ ।



ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ
ਸੰਗਰੂਰ ।9914836037

## ਕਲਪਨਾ ....

ਕਲਪਨਾ ! ਜ਼ਿੰਦਗੀ 'ਚ ਖੁਸ਼ੀ ਲਿਆ ਦਿੰਦੀ
ਕਲਪਨਾ ! ਜ਼ਿੰਦਗੀ ਦੀ ਗਮੀ ਮਿਟਾ ਦਿੰਦੀ ,
ਕਲਪਨਾ ! ਦੁਖੀ ਨੂੰ ਆਸ ਪਹੁੰਚਾ ਦਿੰਦੀ ,
ਇਹ ਕਲਪਨਾ ਹੀ ਹੈ
ਜੋ ਮੰਜ਼ਿਲ ਤੱਕ ਪਹੁੰਚਾ ਦਿੰਦੀ ।
ਕਲਪਨਾ ! ਨਾ ਹੋਵੇ ਜੇ ਮਨ ਅੰਦਰ
ਤਾਂ ਕਦੇ - ਕਦੇ ਜ਼ਿੰਦਗੀ ਵੀ ਰੁਆ ਦਿੰਦੀ ,
ਮਨ ਵਿੱਚ ਰੱਖੋ ਥੋੜ੍ਹੀ ਕਲਪਨਾ
ਇਹ ਕਲਪਨਾ !
ਬੁਝੀ ਜ਼ਿੰਦਗੀ 'ਚ ਰੌਸ਼ਨੀ ਲਿਆ ਦਿੰਦੀ ।
ਕਲਪਨਾ ਤੋਂ ਬਿਨਾਂ ਨੀਰਸ ਹੈ ਜ਼ਿੰਦਗੀ
ਕਲਪਨਾ ਹੈ ਤਾਂ ਥੋੜ੍ਹਾ ਧੀਰਜ ਹੈ ਜ਼ਿੰਦਗੀ ,
ਕਲਪਨਾ ! ਸੁੱਕੇ ਨੂੰ ਹਰਾ ਬਣਾ ਦਿੰਦੀ
ਕਲਪਨਾ ! ਮਾਰੂਥਲ 'ਚ ਹਰਿਆਲੀ ਲਿਆ ਦਿੰਦੀ ।
ਕਦੇ ਜ਼ਿੰਦਗੀ 'ਚ ਥੋੜ੍ਹੀ ਕਲਪਨਾ ਲਿਆਇਓ
ਭਟਕਦੇ ਜੀਵਨ 'ਚ ਸਕੂਨ ਲਿਆਇਓ ,
ਕਲਪਨਾ ! 'ਚ ਕੁਝ ਪਲ ਬਿਤਾ ਕੇ
ਚੰਗੇ ਭਵਿੱਖ ਦੀ ਆਸ ਜਗਾਇਓ।



ਸਟੇਟ ਐਵਾਰਡੀ
ਮਾਸਟਰ ਸੰਜੀਵ ਧਰਮਾਣੀ
ਸ਼੍ਰੀ ਅਨੰਦਪੁਰ ਸਾਹਿਬ
ਇੰਡੀਆ ਬੁੱਕ ਆਫ਼ ਰਿਕਾਰਡਜ਼ ਹੋਲਡਰ
9478561356

## ਭਾਈ ਤਾਰੂ ਸਿੰਘ ਜੀ

ਗੱਲ ਸੁਣ ਲੈ ਤੂੰ ਮੇਰੀ,ਈਨ ਮੰਨਣੀ ਨਾ ਤੇਰੀ,
ਗੱਲ ਪੂਰੀ ਸੋਲਾਂ ਸੇਰੀ ਜਿੰਦ ਮਿੱਟੀ ਦੀ ਏ ਢੇਰੀ,
ਲਾੜੀ ਮੌਤ ਨੂੰ ਵਿਆਹ ਕੇ ਹਾਂ ਅਨੰਦ ਮਾਣਦੇ।
ਵੇ ਸਿੰਘ ਦਸਵੇਂ ਗੁਰਾਂ ਦੇ,
ਹੁੰਦੇ ਹੱਸ ਕੇ ਸ਼ਹੀਦ, ਝੁਕਣਾ ਨਹੀਂ ਜਾਣਦੇ।
ਲੰਗਰ ਸਿੰਘਾਂ ਨੂੰ ਛਕਾਇਆ,
ਦੱਸ ਪਾਪ ਕੀ ਕਮਾਇਆ।
ਵੇ ਦੱਸ ਪਾਪ ਕੀ ਕਮਾਇਆ।
ਨਾਮ ਜਪੋ ਵੰਡ ਛਕੋ,
ਸਾਡੇ ਗੁਰਾਂ ਫ਼ਰਮਾਇਆ।
ਸਾਡੇ ਗੁਰਾਂ ਫ਼ਰਮਾਇਆ
ਦੌੜੇ ਖ਼ੂਨ ਸ਼ਹੀਦੀ ਵਾਲਾ ਸਾਡੀਆਂ ਰਗਾਂ ਵਿੱਚ
ਹੱਸ ਤੀਰਾਂ ਤਲਵਾਰਾਂ ਦੀ ਹਾਂ ਛਾਂ ਮਾਣਦੇ।
ਸਿੰਘ ਦਸਵੇਂ ਗੁਰਾਂ ਦੇ---।
ਹੁੰਦੇ ਹੱਸ ਕੇ ਸ਼ਹੀਦ ਝੁਕਣਾ ਨਹੀਂ ਜਾਣਦੇ।
ਜਾਨ ਨਾਲੋਂ ਵੱਧ ਪਿਆਰੀ
ਸਾਨੂੰ ਲੱਗਦੀ ਏ ਸਿੱਖੀ ।
ਸਾਨੂੰ ਲੱਗਦੀ ਏ ਸਿੱਖੀ।
ਜੋ ਵਾਲ ਤੋਂ ਵੀ ਨਿੱਕੀ ਪਰ ਖੰਡੇ ਤੋਂ ਵੀ ਤਿੱਖੀ।
ਪਰ ਖੰਡੇ ਤੋਂ ਵੀ ਤਿੱਖੀ।
ਸਿੱਖੀ ਸਿਦਕ ਨਿਭਾਉਂਦੇ,ਮੌਤ ਤੋਂ ਨਾ ਘਬਰਾਉਂਦੇ,
ਅਸੀਂ ਜ਼ੁਕਦਾ ਝਨਾਂ ਹਾਂ ਰੁਕਣਾ ਨਾ ਜਾਣਦੇ।
ਵੇ ਸਿੰਘ ਦਸਵੇਂ ਗੁਰੂ ਦੇ---।
ਨਿੱਤ ਕਰਾਂ ਅਰਦਾਸ ਗੁਰੂ ਚਰਨਾਂ ਦੇ ਪਾਸ ਮੈਂ,
ਗੁਰੂ ਚਰਨਾਂ ਦੇ ਪਾਸ ਮੈਂ ।
ਸਿੱਖੀ ਕੇਸਾਂ ਸੰਗ ਨਿਭਾਉਣੀ
ਜਦ ਤਕ ਨੇ ਸਵਾਸ ਮੈਂ,
ਜਦੋਂ ਤਕ ਨੇ ਸਵਾਸ ਮੈਂ।
ਪ੍ਰਵਾਹ ਨਹੀਂ ਕੋਈ ਭਾਵੇਂ ਜਾਨੋਂ ਮਾਰ ਦੇਵੀਂ।
ਕੱਟੀਂ ਕੇਸ ਨਾ ਤੂੰ ਚਾਹੇ ਖੋਪੜੀ ਉਤਾਰ ਦੇਵੀਂ।
ਡਰਦੇ ਨਾ ਕਿਸੇ ਕੋਲੋਂ ਨਾ ਕਿਸੇ ਨੂੰ ਡਰਾਈਏ,
ਪੂਰੀ ਕਰਦੇ 'ਅਮਰ' ਜੋ ਦਿਲ ਵਿੱਚ ਠਾਣਦੇ।
ਵੇ ਸਿੰਘ ਦਸਵੇਂ ਗੁਰੂ ਦੇ,
ਹੁੰਦੇ ਹੱਸ ਕੇ ਸ਼ਹੀਦ ਝੁਕਣਾ ਨਾ ਜਾਣਦੇ।



ਅਮਰਜੀਤ ਕੌਰ ਮੋਰਿੰਡਾ

## ਲਾਲ ਇਨਕਲਾਬ

ਚੰਨ ਪੂਰਾ ਹੁੰਦਾ ਹਰ ਮਹੀਨੇ,
ਸਮੁੰਦਰ 'ਚ ਲਹਿਰਾਂ ਉੱਠਦੀਆਂ।
ਤੇਰੀ ਕੁੱਖ 'ਚ ਵੀ ਉੱਠਦੀ ਲਹਿਰ,
ਜਿਸਨੂੰ ਜਗ ਨੇ "ਬੀਮਾਰੀ" ਕਿਹਾ।
ਨਾ ਇਹ ਬੀਮਾਰੀ ਆ, ਨਾ ਸਜ਼ਾ ਆ,
ਇਹ ਤਾਂ ਕੁਦਰਤ ਦੀ ਕਲਮ ਆ।
ਜੋ ਹਰ ਮਹੀਨੇ ਲਿਖਦੀ ਆ,
"ਤੂੰ ਜ਼ਿੰਦਗੀ ਪੈਦਾ ਕਰ ਸਕਦੀ ਏਂ"।
ਜਦ ਤੂੰ ਦਰਦ ਨਾਲ ਦੂਹਰੀ ਹੁੰਦੀ ਏਂ,
ਧਰਤੀ ਉਦੋਂ ਤੇਰੇ ਨਾਲ ਕੰਬਦੀ ਆ।
ਕਿਉਂਕਿ ਤੂੰ ਉਦੋਂ ਕਮਜ਼ੋਰ ਨਹੀਂ,
ਸਗੋਂ ਸਭ ਤੋਂ ਤਾਕਤਵਰ ਹੁੰਦੀ ਏਂ।
ਸ੍ਰਿਸ਼ਟੀ ਰਚਣ ਦੀ ਤਾਕਤ,
ਤੇਰੇ ਲਹੂ 'ਚ ਉਬਾਲੇ ਖਾਂਦੀ ਆ।
ਜਿਸ ਲਾਲ ਰੰਗ ਤੋਂ ਮਰਦ ਡਰਦੇ ਨੇ,
ਉਸੇ ਰੰਗ ਨੇ ਉਹਨਾਂ ਨੂੰ ਜਨਮ ਦਿੱਤਾ।
ਜਿਸ ਦਾਗ਼ ਨੂੰ ਤੂੰ ਛੁਪਾਉਂਦੀ ਏਂ,
ਉਹ ਦਾਗ਼ ਹੀ ਤੇਰਾ ਤਮਗ਼ਾ ਆ।
ਸ਼ਹੀਦ ਦੇ ਲਹੂ ਵਰਗਾ ਪਵਿੱਤਰ,
ਕਿਉਂਕਿ ਇਸ ਲਹੂ ਬਿਨਾਂ,
ਨਾ ਮਾਂ ਹੁੰਦੀ, ਨਾ ਪਿਓ, ਨਾ ਜਗ ਸਾਰਾ।
ਬੰਦ ਕਰੋ ਕਾਲੇ ਲਿਫ਼ਾਫ਼ੇ 'ਚ ਪੈਡ ਦੇਣੇ,
ਬੰਦ ਕਰੋ ਫੁਸਫੁਸਾ ਕੇ ਗੱਲਾਂ ਕਰਨੀਆਂ।
ਜਦ ਮੁੰਡਾ ਜੰਮੇ ਤਾਂ ਲੱਡੂ ਵੰਡਦੇ ਓ,
ਜਿਸ ਦਿਨ ਕੁੜੀ ਸਿਆਣੀ ਹੋਵੇ,
ਉਸ ਦਿਨ ਵੀ ਜਸ਼ਨ ਮਨਾਓ।
ਕਿਉਂਕਿ ਉਹ ਦਿਨ ਉਸਦੇ,
"ਪੂਰਨ ਇਸਤਰੀ" ਬਣਨ ਦਾ ਦਿਨ ਆ।
ਕਹਿੰਦਾ ਗੁਰਮੀਤ ਡੁਮਾਣਾ,
ਗੱਲ ਧਿਆਨ ਨਾਲ ਸੁਣ ਲੈ ਜ਼ਮਾਨਾ,
*_ਮਾਹਵਾਰੀ ਔਰਤ ਦੀ ਕਮਜ਼ੋਰੀ ਨਹੀਂ,
ਮਰਦ ਦੀ ਹੋਂਦ ਦੀ ਗਾਰੰਟੀ ਆ।
__ਜਿਸ ਘਰ 'ਚ ਧੀ ਰੱਜ ਕੇ ਰੋਟੀ ਖਾਂਦੀ,
__ਜਿਸ ਘਰ 'ਚ ਉਸਦੇ ਦਰਦ ਨੂੰ ਸਮਝਿਆ ਜਾਂਦਾ,
ਉਸ ਘਰ 'ਚ ਰੱਬ ਵੱਸਦਾ।
ਬਾਕੀ ਸਭ ਦਿਖਾਵਾ ਆ, ਯਾਰੋ।
_ਇਸ ਲਾਲ ਇਨਕਲਾਬ ਨੂੰ ਸਲਾਮ ਆ।*

ਗੁਰਮੀਤ ਡੁਮਾਣਾ
ਲੋਹੀਆਂ ਖਾਸ, ਜਲੰਧਰ
*76528 16074





# ਨਕਲੀ ਦੁੱਧ-ਪਨੀਰ ਦੇ ਕਾਰੋਬਾਰੀਆਂ ਅੱਗੇ ਨਤਮਸਤਕ ਹੋਇਆ ਅੰਮ੍ਰਿਤਸਰ ਪ੍ਰਸ਼ਾਸਨ

## 18 ਮਈ ਨੂੰ ਡੀ.ਸੀ. ਦਫ਼ਤਰ ਅਤੇ ਸਿਵਲ ਸਰਜਨ ਦੇ ਦਫ਼ਤਰ ਅੱਗੇ ਦੁੱਧ ਰੋੜ੍ਹ ਕੇ ਜਤਾਇਆ ਜਾਵੇਗਾ ਰੋਸ : ਕਰਮਜੀਤ ਨੰਗਲੀ

**ਅੰਮ੍ਰਿਤਸਰ, 10 ਮਈ ( ਲਖਵਿੰਦਰ ਸਿੰਘ ਗਿੱਲ )**-ਜ਼ਿਲ੍ਹੇ ਵਿੱਚ ਚੱਲ ਰਹੇ ਨਕਲੀ ਦੁੱਧ, ਪਨੀਰ ਅਤੇ ਖੋਏ ਦੇ ਕਾਲੇ ਕਾਰੋਬਾਰ ਨੇ ਇਨਸਾਨੀ ਜ਼ਿੰਦਗੀਆਂ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ, ਪਰ ਅਫ਼ਸੋਸ ਦੀ ਗੱਲ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਅੱਖਾਂ ਮੀਟ ਕੇ ਕੁੰਭਕਰਨੀ ਨੀਂਦ ਸੌਂ ਰਿਹਾ ਹੈ। ਇਸ ਗੁੰਡਾਗਰਦੀ ਅਤੇ ਪ੍ਰਸ਼ਾਸਨਿਕ ਢਿੱਲਮੱਠ ਵਿਰੁੱਧ ਹੁਣ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਅਤੇ ਪਸ਼ੂ ਪਾਲਕਾਂ ਨੇ ਆਰ-ਪਾਰ ਦੀ ਲੜਾਈ ਦਾ ਐਲਾਨ ਕਰ ਦਿੱਤਾ ਹੈ। ਪ੍ਰਸ਼ਾਸਨ ਦੀ ਸ਼ੱਕੀ ਚੁੱਪ 'ਤੇ ਸਵਾਲ ਚੁਕਦਿਆਂ ਹੋਏ ਭਾਕਿਯੂ ਸਿੱਧੂਪੁਰ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸਿੰਘ ਨੰਗਲੀ ਨੇ ਪ੍ਰਸ਼ਾਸਨ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਸ਼ਹਿਰ ਦੀਆਂ ਨਾਮੀ ਡੇਅਰੀਆਂ ਅਤੇ ਫੈਕਟਰੀਆਂ ਸ਼ਰੇਆਮ ਜ਼ਹਿਰ ਪਰੋਸ ਰਹੀਆਂ ਹਨ। ਉਨ੍ਹਾਂ ਸਿੱਧੇ ਤੌਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਰਾਮਤੀਰਥ ਰੋਡ ਸਥਿਤ ਗਿੱਲ ਡੇਅਰੀ, ਲੋਹਗੜ੍ਹ ਦੀ ਮਿੱਠੂ ਡੇਅਰੀ, ਹਕੀਮਾਂ ਵਾਲਾ ਗੇਟ ਦੀ ਚੰਨ ਡੇਅਰੀ ਅਤੇ ਮੀਰਾਂ ਕੋਟ ਚੌਂਕ ਸਮੇਤ ਪਿੰਡ ਮੁਧਲ ਦੀਆਂ ਫੈਕਟਰੀਆਂ ਆਦਿ ਵਿੱਚ ਕਥਿਤ ਤੌਰ ਉੱਤੇ ਨਕਲੀ ਦੁੱਧ ਤੇ ਪਨੀਰ ਦਾ ਉਤਪਾਦਨ ਧੜੱਲੇ ਨਾਲ ਜਾਰੀ ਹੈ। ਨੰਗਲੀ ਨੇ ਸਵਾਲ ਚੁੱਕਿਆ ਕਿ ਕੀ ਸਿਵਲ ਸਰਜਨ ਅੰਮ੍ਰਿਤਸਰ ਦੀ ਮਿਲੀਭੁਗਤ ਤੋਂ



ਬਿਨਾਂ ਇਹ ਖੇਡ ਸੰਭਵ ਹੈ? ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦੀ ਭੂਮਿਕਾ ਬੇਹੱਦ ਸ਼ੱਕੀ ਹੈ, ਜੋ ਕਾਰਵਾਈ ਕਰਨ ਦੀ ਬਜਾਏ ਇਨ੍ਹਾਂ ਮੌਤ ਦੇ ਸੌਦਾਗਰਾਂ ਨੂੰ ਕਥਿਤ ਤੌਰ ਉੱਤੇ ਪਨਾਹ ਦੇ ਰਿਹਾ ਹੈ। ਜਦੋਂ ਅਸਲੀ ਦੁੱਧ ਪੈਦਾ ਕਰਨ ਵਾਲਾ ਕਿਸਾਨ ਰੁਲ ਰਿਹਾ ਹੈ, ਤਾਂ ਇਹ ਨਕਲੀ ਫੈਕਟਰੀਆਂ ਪ੍ਰਸ਼ਾਸਨ ਦੀ ਨੱਕ ਹੇਠ ਕਿਵੇਂ ਵਧ-ਫੁੱਲ ਰਹੀਆਂ ਹਨ? ਇਹ ਸਿਵਲ ਸਰਜਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਨਾਕਾਮੀ ਦਾ ਪ੍ਰਤੱਖ ਪ੍ਰਮਾਣ ਹੈ। ਪ੍ਰਸ਼ਾਸਨਿਕ ਅਣਗਹਿਲੀ ਦੇ ਵਿਰੋਧ ਵਿੱਚ ਸਮੂਹ ਪਸ਼ੂ ਪਾਲਕ ਅਤੇ ਡੇਅਰੀ ਫਾਰਮਿੰਗ ਨਾਲ ਜੁੜੇ ਲੋਕ 18 ਮਈ, ਦਿਨ ਸੋਮਵਾਰ ਨੂੰ ਵੱਡਾ ਰੋਸ ਪ੍ਰਦਰਸ਼ਨ ਕਰਨਗੇ। ਇਸ ਦੌਰਾਨ ਕਿਸਾਨ ਆਪਣੇ ਪਸ਼ੂਆਂ ਦਾ ਸ਼ੁੱਧ ਦੁੱਧ ਲੈ ਕੇ ਡੀ.ਸੀ. ਦਫ਼ਤਰ ਪਹੁੰਚਣਗੇ ਅਤੇ ਪ੍ਰਸ਼ਾਸਨਿਕ ਬੇਲੋਪਣ ਖ਼ਿਲਾਫ਼ ਦੁੱਧ ਰੋੜ੍ਹ ਕੇ ਰੋਸ ਜ਼ਾਹਰ ਕਰਨਗੇ ਅਤੇ ਉਪਰੰਤ ਪ੍ਰਦਰਸ਼ਨਕਾਰੀ ਸਾਰੇ ਸ਼ਹਿਰ ਵਿੱਚ ਰੋਸ ਪ੍ਰਦਰਸ਼ਨ ਕਰਦੇ ਹੋਏ ਸਿਵਲ ਸਰਜਨ ਦੇ ਦਫ਼ਤਰ ਅੱਗੇ ਵੀ ਦੁੱਧ ਰੋੜ੍ਹ ਕੇ ਇਹ ਸਾਬਤ ਕਰਨਗੇ ਕਿ ਜੇਕਰ ਵਿਭਾਗ ਨਕਲੀ ਦੁੱਧ ਨਹੀਂ ਰੋਕ ਸਕਦਾ, ਤਾਂ ਅਸਲੀ ਦੁੱਧ ਦੀ ਕਦਰ ਵੀ ਉਨ੍ਹਾਂ ਦੇ ਬੂਹੇ 'ਤੇ ਨਹੀਂ ਹੋਵੇਗੀ। ਕਿਸਾਨ ਆਗੂਆਂ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਇਨ੍ਹਾਂ ਨਕਲੀ ਫੈਕਟਰੀਆਂ ਨੂੰ ਤੁਰੰਤ ਸੀਲ ਨਾ ਕੀਤਾ ਗਿਆ ਅਤੇ ਭ੍ਰਿਸ਼ਟ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਨਾ ਹੋਈ, ਤਾਂ ਇਹ ਅੰਦੋਲਨ ਆਉਣ ਵਾਲੇ ਦਿਨਾਂ ਵਿੱਚ ਹੋਰ ਪ੍ਰਚੰਡ ਰੂਪ ਧਾਰਨ ਕਰੇਗਾ। ਹੁਣ ਦੇਖਣਾ ਇਹ ਹੋਵੇਗਾ ਕਿ ਇਸ ਚਿਤਾਵਨੀ ਤੋਂ ਬਾਅਦ ਅੰਮ੍ਰਿਤਸਰ ਪ੍ਰਸ਼ਾਸਨ ਆਪਣੀ ਗੂੜ੍ਹੀ ਨੀਂਦ ਤੋਂ ਜਾਗਦਾ ਹੈ ਜਾਂ ਫਿਰ ਲੋਕਾਂ ਦੀ ਸਿਹਤ ਨਾਲ ਹੁੰਦੇ ਇਸ ਖਿਲਵਾੜ ਨੂੰ ਅਣਗੌਲਿਆ ਕਰਨਾ ਜਾਰੀ ਰੱਖਦਾ ਹੈ। ਇਸ ਸਬੰਧੀ ਅਸਿਸਟੈਂਟ ਫੂਡ ਕਮਿਸ਼ਨਰ ਅੰਮ੍ਰਿਤਸਰ ਦਾ ਪੱਖ ਜਾਣਨ ਲਈ ਫੋਨ ਕੀਤਾ ਗਿਆ ਪਰ ਉਨ੍ਹਾਂ ਵੱਲੋਂ ਫੋਨ ਚੁੱਕਣਾ ਮੁਨਾਸਿਬ ਨਹੀਂ ਸਮਝਿਆ।

# ਜਨਗਣਨਾ ਚ ਅਧਿਆਪਕਾਂ ਦੀਆਂ ਡਿਊਟੀਆਂ ਘਰਾਂ ਤੋਂ ਦੂਰ ਲਾਉਣ ਦੀ ਨਿਖੇਧੀ

**( ਨਿਯਮਾਂ ਅਨੁਸਾਰ ਡਿਊਟੀ ਸਥਾਨ ਜਾਂ ਰਿਹਾਇਸ਼ ਦੇ ਨੇੜੇ ਲਾਈਆਂ ਜਾਣ-- ਡੀ ਟੀ ਐੱਫ ਆਗੂ)**

ਭਾਰਤ ਸਰਕਾਰ ਦੁਆਰਾ ਜਨਗਣਨਾ 2027 ਲਈ ਅਧਿਆਪਕਾਂ ਸਮੇਤ ਵੱਖ-ਵੱਖ ਮੁਲਾਜ਼ਮਾਂ ਦੀਆਂ ਡਿਊਟੀਆਂ ਬਤੌਰ ਗਿਣਤੀਕਾਰ ਤੇ ਸੁਪਰਵਾਈਜ਼ਰ ਵਜੋਂ ਤਹਿਸੀਲਦਾਰ ਪੱਧਰ ਤੇ ਲਗਾਈਆਂ ਗਈਆਂ ਹਨ। ਇਹਨਾਂ ਡਿਊਟੀਆਂ ਦੀਆਂ ਟ੍ਰੇਨਿੰਗਾਂ ਹੋ ਚੁੱਕੀਆਂ ਹਨ ਤੇ ਟ੍ਰੇਨਿੰਗ ਦੌਰਾਨ ਅਧਿਆਪਕਾਂ ਨੂੰ ਕਿਹਾ ਗਿਆ ਸੀ ਕਿ ਤੁਹਾਡੀ ਡਿਊਟੀ ਤੁਹਾਡੀ ਰਿਹਾਇਸ਼ ਜਾਂ ਡਿਊਟੀ ਸਥਾਨ ਦੇ ਨੇੜੇ ਲਗਾਈ ਜਾਵੇਗੀ ਪਰ ਅਧਿਆਪਕਾਂ ਨੂੰ ਸ਼ਨੀਵਾਰ ਨੂੰ ਆਏ ਟੈਕਸਟ ਸੰਦੇਸ਼ਾਂ ਅਨੁਸਾਰ ਜਦੋਂ ਡਿਊਟੀ ਸਥਾਨ ਦਾ ਪਤਾ ਲੱਗਾ ਕਿ ਬਹੁ ਗਿਣਤੀ ਵਿੱਚ ਅਧਿਆਪਕਾਂ ਖਾਸਕਰ ਔਰਤ ਅਧਿਆਪਕਾਵਾਂ ਦੀਆਂ ਡਿਊਟੀਆਂ ਉਹਨਾਂ ਦੀ ਰਿਹਾਇਸ਼ ਤੇ ਡਿਊਟੀ ਸਥਾਨ ਤੋਂ ਲੱਗਭਗ 25-25 ਤੇ 30-30 ਕਿਲੋਮੀਟਰ ਦੂਰ ਲਗਾਈਆਂ ਗਈਆ ਹਨ। ਡੈਮੋਕ੍ਰੇਟਿਕ ਟੀਚਰਜ ਫਰੰਟ ਪੰਜਾਬ ਜਿਲ੍ਹਾ ਲੁਧਿਆਣਾ ਦੇ ਪ੍ਰਧਾਨ ਰਮਨਜੀਤ ਸਿੰਘ ਸੰਧੂ, ਸਕੱਤਰ



ਰੁਪਿੰਦਰਪਾਲ ਸਿੰਘ ਗਿੱਲ ਤੇ ਮੀਤ ਪ੍ਰਧਾਨ ਬਲਵੀਰ ਸਿੰਘ ਬਾਸੀਆਂ ਨੇ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਤਹਿਸੀਲਦਾਰ ਦਫ਼ਤਰ ਜਗਰਾਉਂ ਵੱਲੋਂ ਭੇਜੀਆਂ ਡਿਊਟੀਆਂ ਚ ਬਲਾਕ ਸਿੱਧਵਾਂ ਬੇਟ 2 ਅਧੀਨ ਆਉਂਦੇ ਕਈ ਸਕੂਲਾਂ ਦੀਆਂ ਔਰਤ ਅਧਿਆਪਕਾਵਾਂ ਕਰਮਜੀਤ ਕੌਰ ਨੂੰ ਸਵੱਦੀ ਕਲਾਂ ਤੋਂ ਮੁਦਾਰਪੁਰਾ, ਕਿਰਨਦੀਪ ਕੌਰ ਨੂੰ ਰਾਣਕੇ ਤੋਂ ਗੋਰਸ਼ੀਆਂ ਖਾਨ ਮੁਹੰਮਦ, ਕਮਲਦੀਪ ਕੌਰ ਨੂੰ ਲੀਹਾਂ ਤੋਂ ਅਹਿੰਗਰਾਂ, ਹਰਪ੍ਰਤਾਪ ਸਿੰਘ ਨੂੰ ਸਵੱਦੀ ਕਲਾਂ ਤੋਂ ਸਲੇਮਪੁਰਾ, ਰਮਨਦੀਪ ਸਿੰਘ ਨੂੰ ਸਵੱਦੀ ਕਲਾਂ ਤੋਂ ਕੋਠੇ ਰਾਹਲਾਂ ਆਦਿ 25 -30 ਕਿਲੋਮੀਟਰ ਦੂਰ ਭੇਜਿਆ ਗਿਆ ਹੈ। ਡੈਮੋਕ੍ਰੇਟਿਕ ਟੀਚਰਜ ਫਰੰਟ ਪੰਜਾਬ ਵੱਲੋਂ ਇਸ ਦੀ ਸਖ਼ਤ ਨਿਖੇਧੀ ਕੀਤੀ ਗਈ। ਅਧਿਆਪਕਾਂ ਚ ਪਾਈ ਜਾ ਰਹੀ ਬੇਚੈਨੀ ਨੂੰ ਮੁੱਖ ਰੱਖ ਕੇ ਜਿਲ੍ਹਾ ਆਗੂਆਂ ਵੱਲੋਂ ਪ੍ਰੈੱਸ ਦੇ ਮਾਧਿਅਮ ਰਾਹੀਂ ਤਹਿਸੀਲਦਾਰ ਦਫ਼ਤਰ ਜਗਰਾਉਂ ਨੂੰ ਅਪੀਲ ਗਈ ਕਿ ਇਹਨਾਂ ਅਧਿਆਪਕਾਂ ਦੀਆਂ ਡਿਊਟੀਆਂ ਉਹਨਾਂ ਦੀ ਰਿਹਾਇਸ਼ ਜਾਂ ਡਿਊਟੀ ਵਾਲੇ ਸਥਾਨ ਦੇ ਨੇੜੇ ਲਗਾਈਆਂ ਜਾਣ ਤਾਂ ਜੋ ਇਹਨਾਂ ਨੂੰ ਡਿਊਟੀ ਕਰਨ ਵਿੱਚ ਕੋਈ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਇਸ ਸਬੰਧ ਵਿੱਚ ਤਹਿਸੀਲਦਾਰ ਜਗਰਾਉਂ ਨੂੰ ਜਥੇਬੰਦੀ ਵੱਲੋਂ ਸੋਮਵਾਰ ਨੂੰ ਮਾਸ- ਡੈਪੂਟੇਸ਼ਨ ਵੀ ਮਿਲਿਆ ਜਾਵੇਗਾ।

# ਆਧਸ ਵਲੋਂ ਮੋਰਿੰਡਾ ਵਿਖੇ ਵਾਲਮੀਕ ਸਤਸੰਗ ਕਰਵਾਇਆ

## ਸ਼ੰਕਰਾਚਾਰੀਆ ਦਸ਼ਰਥ ਰਤਨ ਰਾਵਣ ਵਿਸ਼ੇਸ਼ ਤੌਰ ਤੇ ਪਹੁੰਚੇ

**ਮੋਰਿੰਡਾ, 10 ਮਈ (ਸੁਖਵਿੰਦਰ ਸਿੰਘ ਹੈਪੀ)**- ਆਦਿ ਧਰਮ ਸਮਾਜ (ਆਧਸ) ਪੰਜਾਬ ਵਲੋਂ ਡਾ ਭੀਮ ਰਾਓ ਅੰਬੇਦਕਰ ਕਮਿਊਨਿਟੀ ਸੈਂਟਰ ਮੋਰਿੰਡਾ ਵਿਖੇ ਵਾਲਮੀਕ ਸਤਸੰਗ ਕਰਵਾਇਆ ਗਿਆ। ਜਿਸ ਵਿਚ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਹਾਜ਼ਰੀਆਂ ਭਰੀਆਂ। ਇਸ ਮੌਕੇ ਧਰਮ ਗੁਰੂ ਸ਼ੰਕਰਾਚਾਰੀਆ ਦਸ਼ਰਥ ਰਤਨ ਰਾਵਣ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਮਾਜਿਕ ਆਗੂ ਮੋਹਨ ਲਾਲ ਕਾਲਾ ਸਾਬਕਾ ਕੌਂਸਲਰ ਮੋਰਿੰਡਾ ਨੇ ਦੱਸਿਆ ਕਿ ਵਾਲਮੀਕ ਸਤਸੰਗ ਦੌਰਾਨ ਪ੍ਰਸਿੱਧ ਕਲਾਕਾਰ ਸਤਵਿੰਦਰ ਬਿੱਟੂ ਨੇ ਅਪਣੇ ਸਾਥੀਆਂ ਸਮੇਤ ਕਥਾ ਅਤੇ ਕੀਰਤਨ ਰਾਹੀਂ ਮਹਾਂਰਿਸ਼ੀ ਵਾਲਮੀਕਿ ਜੀ ਦੀ ਮਹਿਮਾ ਸੁਣਾ ਕੇ ਸ਼ਰਧਾਲੂਆਂ ਨੂੰ ਨਿਹਾਲ ਕੀਤਾ। ਇਸੇ ਦੌਰਾਨ ਧਰਮ ਗੁਰੂ ਸ਼ੰਕਰਾਚਾਰੀਆ ਦਸ਼ਰਥ ਰਤਨ ਰਾਵਣ ਨੇ ਸ਼ਰਧਾਲੂਆਂ ਨੂੰ ਮਹਾਂ ਰਿਸ਼ੀ ਵਾਲਮੀਕਿ ਜੀ ਦੇ ਦਰਸਾਏ ਮਾਰਗ ਤੇ ਚਲਣ ਅਤੇ ਅਪਣੇ ਹੱਕਾਂ ਅਤੇ ਫਰਜ਼ਾਂ ਤੇ ਇਮਾਨਦਾਰੀ ਤੇ ਤਨਦੇਹੀ ਨਾਲ ਪਹਿਰਾ ਦੇਣ ਦੀ ਪ੍ਰੇਰਨਾ ਦਿੱਤੀ। ਉਹਨਾਂ ਅਪਣੇ ਹੱਕਾਂ



ਅਤੇ ਸਵੈਮਾਣ ਦੀ ਰਖਿਆ ਲਈ ਇਕਜੁਟ ਹੋਣ ਦਾ ਸਦਾ ਦਿਤਾ। ਇਸ ਮੌਕੇ ਸਮਾਗਮ ਦੇ ਮੁੱਖ ਪ੍ਰਬੰਧਕ ਮੋਹਨ ਲਾਲ ਕਾਲਾ ਨੇ ਵਿਸ਼ੇਸ਼ ਤੌਰ ਤੇ ਪਹੁੰਚੇ ਸ਼ੰਕਰਾਚਾਰੀਆ ਦਸ਼ਰਥ ਰਤਨ ਰਾਵਣ , ਭਜਨ ਮੰਡਲੀ ਦੇ ਮੈਂਬਰਾਂ ਅਤੇ ਸਮਾਗਮ ਪਹੁੰਚੇ ਪਤਵੰਤੇ ਸਜਣਾਂ ਨੂੰ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਗਰ ਕੌਂਸਲ ਮੋਰਿੰਡਾ ਦੇ ਪ੍ਰਧਾਨ ਜਗਦੇਵ ਸਿੰਘ ਭਟੋਆ, ਪੀ ਏ ਡੀ ਬੈਂਕ ਦੇ ਵਾਇਸ ਚੇਅਰਮੈਨ ਕਰਨੈਲ ਸਿੰਘ ਜੀਤ, ਮੁਲਾਜ਼ਮਾਂ ਦੇ ਸੂਬਾਈ ਆਗੂ ਸੁਖਵਿੰਦਰ ਸਿੰਘ ਦੁਮਣਾ, ਲਵਲੀ ਅਛੂਤ ਪਟਿਆਲਾ, ਸ਼ਕਤੀ ਦ੍ਰਾਵਿੜ ਰੂਪਨਗਰ, ਰਾਜਪਾਲ ਚੰਡੀਗੜ੍ਹ, ਚਮਨ ਲਾਲ ਕੁਰਾਲੀ, ਰਾਜੇਸ਼ ਦੈਤੀਆ ਲੁਧਿਆਣਾ, ਸੋਹਨ ਸਿੰਘ ਗੋਬਿੰਦਗੜ੍ਹ, ਸ਼ਾਮ ਸੁੰਦਰ ਮੋਹਾਲੀ, ਚਮਨ ਲਾਲ ਕੁਰਾਲੀ, ਜ਼ਿਲ੍ਹਾ ਸਿੰਘ ਰੈਲੋਂ, ਨਵੀਨ ਨਾਂਹ ਗਿਦੜਬਾਹਾ, ਦੇਸ਼ ਰਾਜ ਸੁਨਾਮ, ਵਿਕਰਮ ਭੂਮਕ, ਰਾਮਦਾਸੀਆ ਵੈਲਫੇਅਰ ਸੁਸਾਇਟੀ ਦੇ ਸੀਨੀਅਰ ਆਗੂ ਕੈਪਟਨ ਕਰਮਜੀਤ ਸਿੰਘ ਬਡਵਾਲੀ, ਕੈਪਟਨ ਮੇਹਰ ਸਿੰਘ, ਸੀਨੀਅਰ ਆਗੂ ਗੁਰਦਰਸ਼ਨ ਸਿੰਘ ਢੋਲਣ ਮਾਜਰਾ, ਨੈਸ਼ਨਲ ਪਾਰਟੀ ਪੰਜਾਬ ਦੇ ਆਗੂ ਅਵਤਾਰ ਸਿੰਘ ਰੰਗਰਾ, ਸਮਾਜ ਸੇਵਕ ਸਤਵਿੰਦਰ ਸਿੰਘ ਸੱਤੀ, ਮੇਹਰ ਸਿੰਘ ਮੁਲਾਜ਼ਮ ਆਗੂ, ਸਮਾਜ ਸੇਵਕ ਭਾਈ ਗਿਆਨ ਸਿੰਘ ਸਰੋਆ, ਪ੍ਰਿਤਪਾਲ ਸਿੰਘ ਖ਼ਾਲਸਾ, ਗੁਰਮੀਤ ਸਿੰਘ ਚੋਪੜਾ, ਨਿਹਾਲ ਸਿੰਘ ਕਲਸੀ ਸਮੇਤ ਅਨੇਕਾਂ ਪਤਵੰਤੇ ਸੱਜਣ ਹਾਜ਼ਰ ਸਨ।

# ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਦਾ ਖ਼ੁਫ਼ੀਆ ਤੰਤਰ ਬੁਰੀ ਤਰ੍ਹਾਂ ਫੇਲ੍ਹ: ਚੌਹਾਨ

**ਨਵਾਂਸ਼ਹਿਰ 10 ਮਈ (ਚਰਨਜੀਤ ਸੱਲ੍ਹਾ )** ਬਸਪਾ ਦੇ ਸਾਬਕਾ ਇੰਚਾਰਜ ਮੱਖਣ ਲਾਲ ਚੌਹਾਨ ਨੇ ਸ਼ੰਭੂ, ਜਲੰਧਰ ਅਤੇ ਅੰਮ੍ਰਿਤਸਰ ਵਿੱਚ ਹੋਏ ਬੰਬ ਧਮਾਕਿਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਸੰਵੇਦਨਸ਼ੀਲ ਬਿਆਨ ਕੀਤਾ ਬਿਆਨ ਜਾਰੀ ਕਰਦਿਆਂ ਕੇਂਦਰ ਦੀ ਭਾਜਪਾ ਤੇ ਪੰਜਾਬ ਦੀ 'ਆਪ' ਸਰਕਾਰ ਦੀ ਕਾਰਗੁਜ਼ਾਰੀ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਧਮਾਕੇ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ ਅਤੇ ਲੋਕਾਂ ਦੇ ਜਾਨ-ਮਾਲ ਦੀ ਸੁਰੱਖਿਆ ਦੇ ਮੋਰਚੇ 'ਤੇ ਦੋਵੇਂ ਸਰਕਾਰਾਂ ਦੀ ਵੱਡੀ ਨਾਕਾਮੀ ਹੈ। ਚੌਹਨ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਖ਼ੁਫ਼ੀਆ ਤੰਤਰ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕਾ ਹੈ। ਸੂਬੇ ਦੇ ਸੰਵੇਦਨਸ਼ੀਲ ਹਿੱਸਿਆਂ ਵਿੱਚ ਲਗਾਤਾਰ ਅਜਿਹੀਆਂ ਘਟਨਾਵਾਂ ਦਾ



ਵਾਪਰਨਾ ਇਹ ਸਾਬਤ ਕਰਦਾ ਹੈ ਕਿ ਦੋਵੇਂ ਸਰਕਾਰਾਂ ਪੰਜਾਬ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਨਹੀਂ ਹਨ। ਚੌਹਾਨ ਨੇ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਸੁਰੱਖਿਆ ਫੋਰਸਾਂ ਨੂੰ ਤੁਰੰਤ ਸਤਰਕ ਹੋਣ ਲਈ ਕਿਹਾ। ਜੇਕਰ ਸਰਕਾਰਾਂ ਨੇ ਅਜੇ ਵੀ ਲਾਪਰਵਾਹੀ ਨਾ ਤਿਆਗੀ ਤਾਂ ਪੰਜਾਬ ਨੂੰ ਫਿਰ ਤੋਂ ਉਸੇ ਭਿਆਨਕ 'ਕਾਲੇ ਦੌਰ' ਵਿੱਚੋਂ ਗੁਜਰਨਾ ਪਵੇਗਾ ਜਿਸ ਨਾਲ ਨੌਜਵਾਨ ਪੀੜੀ ਦਾ ਵਿਨਾਸ਼ ਤਹਿ ਹੈ।,ਜਿਸ ਦਾ ਸੰਤਾਪ ਪੰਜਾਬੀ ਪਹਿਲਾਂ ਵੀ ਹੰਢਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਨੂੰ ਚੁਣੌਤੀਆਂ ਵਿੱਚੋਂ ਕੱਢਣ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਸਰਕਾਰਾਂ ਇਕ ਦੂਜੇ ਤੇ ਦੋਸ਼ ਮੜ੍ਹਨ ਦੀ ਬਜਾਏ ਆਪਣੀ ਜਵਾਬਦੇਹੀ ਤੈਅ ਕਰਨ। ਪੰਜਾਬ ਦੀ ਸ਼ਾਂਤੀ ਨੂੰ ਭੰਗ ਕਰਨ ਵਾਲੀਆਂ ਸ਼ਕਤੀਆਂ ਦੇ ਇਰਾਦੇ ਨਾਕਾਮ ਕਰਨ ਅਤੇ ਲੋਕਾਂ ਵਿੱਚ ਫੈਲੇ ਡਰ ਦੇ ਮਾਹੌਲ ਨੂੰ ਦੂਰ ਕਰਨ ਲਈ ਸਖ਼ਤ ਕਦਮ ਚੁੱਕੇ। ਚੌਹਾਨ ਨੇ ਪੰਜਾਬ ਦੇ ਲੋਕਾਂ ਨੂੰ ਖਾਸ ਕਰਕੇ ਨੌਜਵਾਨ ਪੀੜੀ ਨੂੰ ਬਹੁਜਨ ਸਮਾਜ ਪਾਰਟੀ ਦੀ "ਪੰਜਾਬ ਸੰਭਾਲੋ ਮੁਹਿੰਮ" ਮੁਹਿੰਮ ਦਾ ਹਿੱਸਾ ਬਣਨ ਲਈ ਕਿਹਾ ਤਾਂ ਕਿ ਪੰਜਾਬ ਨੂੰ ਮੁੜ ਤੋਂ ਹੱਸਦਾ,ਵਸਦਾ ਤੇ ਰੰਗਲਾ ਪੰਜਾਬ ਬਣਾਇਆ ਜਾ ਸਕੇ।

# ਪੰਜਾਬ ਸੰਭਾਲੋ ਮੁਹਿੰਮ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਦਰਜਨਾਂ ਨੌਜਵਾਨਾ ਫੜਿਆ ਬਸਪਾ ਦਾ ਪੱਲਾ

## ਆਪ ਅਤੇ ਕਾਂਗਰਸ ਦੇ ਦਰਜਨਾਂ ਸਾਥੀ ਬਸਪਾ ਵਿਚ ਹੋਏ ਸ਼ਾਮਿਲ

**ਬੰਗਾ 10 ਮਈ (ਚਰਨਜੀਤ ਸੱਲ੍ਹਾ )** ਕੱਲ ਹਲਕਾ ਚੱਬੇਵਾਲ ਦੇ ਪਿੰਡ ਭਗਤੁਪੁਰ ਵਿਖੇ ਬਸਪਾ ਦੀ ਇਕ ਵਿਸ਼ੇਸ਼ ਮੀਟਿੰਗ ਡਾ ਹਰਨੇਕ ਸਿੰਘ ਜੀ ਦੀ ਅਗਵਾਈ ਵਿੱਚ ਹੋਈ, ਇਸ ਮੀਟਿੰਗ ਵਿੱਚ ਮੁੱਖ ਮਹਿਮਾਨ ਵਜੋਂ ਐਡਵੋਕੇਟ ਪਲਵਿੰਦਰ ਮਾਨਾ ਇੰਚਾਰਜ ਬਸਪਾ ਹਲਕਾ ਚੱਬੇਵਾਲ ਜੀ ਪੁਹੰਚੇ ੀ ਐਡਵੋਕੇਟ ਪਲਵਿੰਦਰ ਮਾਨਾ ਜੀ ਨੇ ਦੱਸਿਆ ਕਿ ਪੰਜਾਬ ਸੰਭਾਲੋ ਮੁਹਿੰਮ ਦੀਆ ਨੀਤੀਆਂ ਤੋਂ ਖੁਸ਼ ਹੋ ਕੇ ਪੰਜਾਬ ਅੰਦਰ ਬੱਡੇ ਪੱਧਰ ਤੇ ਨੌਜਵਾਨ ਬਸਪਾ ਚ ਸ਼ਾਮਿਲ ਹੋ ਰਹੇ ਹਨ ੀ ਐਡਵੋਕੇਟ ਮਾਨਾ ਜੀ ਨੇ ਕਿਹਾ ਕਿ ਜੇਕਰ 2027 ਦੀਆ ਵਿਧਾਨ ਸਭਾ ਚੋਣਾਂ ਵਿਚ ਪੰਜਾਬੀ ਇਕ ਮੌਕਾ ਬਸਪਾ ਨੂੰ ਦੇਣਗੇ ਤਾਂ ਬਸਪਾ ਪੰਜਾਬ ਅੰਦਰ ਐਜੂਕੇਸ਼ਨ ਪੌਲਸੀਜ ਅਤੇ ਸਿਹਤ ਸਹੂਲਤਾਂ ਵਡੇ ਪੱਧਰ ਤੇ ਬਦਲਾਅ ਕੀਤਾ ਜਾਵੇਗਾ ਅਤੇ ਪੰਜਾਬ ਨੂੰ ਨਸ਼ਾ ਮੁਕਤ ਕਰਨ, ਗਰੀਬ ਕਿਸਾਨ ਅਤੇ ਮਜ਼ਦੂਰ ਵਰਗ ਲਈ ਵਧੀਆ ਸਹੂਲਤਾਂ ਦੇਣ ਲਈ ਬਸਪਾ ਬਚਨ ਵੱਧ ਹੋਵੇਗੀ ੀ ਉਨ੍ਹਾਂ ਕਿਹਾ ਬਸਪਾ 2027 ਵਿੱਚ ਸੱਤਾ ਵਿਚ ਆਉਂਦੀ ਹੈ ਤਾਂ ਪੰਜਾਬ ਨੂੰ ਖੁਸ਼ਹਾਲ ਅਤੇ ਰੰਗਲਾ ਪੰਜਾਬ ਬਨਾਉਣ ਲਈ ਵਧੀਆ ਸਕੀਮਾਂ ਅਤੇ ਨੀਤੀਆਂ ਲਿਆਉਣ ਲਈ ਬਸਪਾ ਬਚਨ ਵੱਧ ਹੋਵੇਗੀ । ਇਸ ਦੌਰਾਨ ਮੀਟਿੰਗ ਵਿੱਚ ਮਜੂਦ ਨੌਜਵਾਨਾ ਨੇ





ਬਸਪਾ ਦੀ ਵਿਚਾਰ ਧਾਰਾ ਅਤੇ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਬਸਪਾ ਵਿਚ ਸ਼ਾਮਿਲ ਹੋਣ ਲਈ ਇੱਛਾ ਜ਼ਾਹਿਰ ਕੀਤੀ ਅਤੇ ਐਡਵੋਕੇਟ ਪਲਵਿੰਦਰ ਮਾਨਾ ਜੀ ਨੇ ਉਨ੍ਹਾਂ ਨੌਜਵਾਨਾਂ ਨੂੰ ਸਨਮਾਨ ਦਿੰਦੇ ਹੋਏ ਪਾਰਟੀ ਦਾ ਮਫਰਲ/ ਸਿਰਪਾਓ ਦੇ ਕੇ ਬਸਪਾ ਵਿਚ ਸ਼ਾਮਿਲ ਕੀਤਾ। ਇਸ ਮੌਕੇ ਐਡਵੋਕੇਟ ਪਲਵਿੰਦਰ ਮਾਨਾ ਇੰਚਾਰਜ ਹਲਕਾ ਚੱਬੇਵਾਲ ਜੀ ਨੇ ਪਾਰਟੀ ਹਾਈ ਕਮਾਂਡ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਡਾ ਹਰਨੇਕ ਸਿੰਘ ਜੀ ਨੂੰ ਹਲਕਾ ਚੱਬੇਵਾਲ ਦੇ ਸਕੱਤਰ ਨਿਯੁਕਤ ਕੀਤਾ ਅਤੇ ਇਸ ਮੌਕੇ ਹਰਨੇਕ ਸਿੰਘ ਜੀ ਨੇ ਵੀ ਕਿਹਾ ਕਿ ਓਹ ਪੂਰੀ ਇਮਾਨਦਾਰੀ ਦੇ ਨਾਲ ਜ਼ਮੀਨੀ ਪੱਧਰ ਤੇ ਬਸਪਾ ਨੂੰ ਮਜ਼ਬੂਤ ਕਰਨ ਲਈ ਕੰਮ ਕਰਨਗੇ । ਇਸ ਮੌਕੇ ਹਾਜਰ ਸਾਥੀਆ ਵਿਚ ਰਾਕੇਸ਼ ਕਿਟੀ ਜੀ ਜਿਲਾ ਸਕੱਤਰ, ਵਿਕੀ ਬੰਗਾ ਭੜਢ ਜੱਸੀ ਖਾਨਪੁਰ ਬਸਪਾ ਆਗੂ, ਬਲਵੰਤ ਸਹਿਗਲ ਜੀ ੌਰਗਓਨਿਜ਼ੲ ਸੲਚਰੲਟੳਰੇ, ਰਾਜੇਸ਼ ਭੁੰਨੋ ਹਲਕਾ ਖਜਾਨਚੀ, ਲਖਵਿੰਦਰ ਸਿੰਘ ਲੱਕੀ, ਹੈਪੀ, ਅਵਤਾਰ ਸਿੰਘ, ਜਸਦੀਪ , ਲਵਲੀ, ਸਨਦੀਪ, ਸੂਰਜ, ਪ੍ਰੇਮ, ਜੱਸ ਪਜੌੜਾ, ਸਤੀਸ਼ ਪਜੌੜਾ, ਲਖਵਿੰਦਰ ਲੱਕੀ, ਸਨਦੀਪ ਕੁਮਾਰ , ਸੰਨੀ ਅਤੇ ਹੋਰ ਵੀ ਅਨੇਕਾਂ ਸਾਥੀ ਮੌਕੇ ਤੇ ਹਾਜਰ ਸਨ।

# ਮਦਰਜ਼ ਡੇ (ਮਾਂ ਦਿਵਸ): ਮਾਵਾਂ ਦੇ ਅਦਭੁਤ ਤਿਆਗ ਨੂੰ ਨਮਨ ਮਮਤਾ, ਤਿਆਗ ਅਤੇ ਪਿਆਰ ਦਾ ਜਸ਼ਨ

**ਬੰਗਾ( ਚਰਨਜੀਤ ਸੱਲ੍ਹਾ )**"ਜੇ ਕੋਈ ਮਨੁੱਖ ਕਿਸੇ ਦੂਜੇ ਦੀ ਜ਼ਿੰਦਗੀ ਵਿੱਚ ਜੀ ਸਕਦਾ ਹੈ, ਤਾਂ ਉਸਦਾ ਸਭ ਤੋਂ ਵੱਡਾ ਨਮੂਨਾ ਮਾਂ ਹੈ।"

"ਮੈਂ ਜੋ ਵੀ ਹਾਂ, ਜਾਂ ਹੋਣ ਦੀ ਆਸ ਰੱਖਦਾ ਹਾਂ, ਉਹ ਆਪਣੀ ਫਰਿਸ਼ਤਿਆਂ ਵਰਗੀ ਮਾਂ ਸਦਕਾ ਹਾਂ।"

ਮਾਂ ਮਮਤਾ, ਤਿਆਗ ਅਤੇ ਬੇਸ਼ਰਤ ਪਿਆਰ ਦਾ ਜੀਉਂਦਾ ਰੂਪ ਹੈ। ਉਹ ਆਪਣੀ ਨੀਂਦ, ਆਪਣੀ ਖੁਸ਼ੀ ਅਤੇ ਆਪਣੀਆਂ ਇੱਛਾਵਾਂ ਬੱਚਿਆਂ ਦੇ ਸੁਪਨਿਆਂ ਲਈ ਸਮਰਪਿਤ ਕਰ ਦਿੰਦੀ ਹੈ। ਪੰਜਾਬੀ ਸਭਿਆਚਾਰ ਵਿੱਚ ਮਾਂ "ਠੰਢੀ ਛਾਂ" ਵਾਂਗ ਹੈ — ਜੋ ਸੁਕੂਨ, ਸੁਰੱਖਿਆ ਅਤੇ ਅਸੀਸਾਂ ਦਾ ਸਰੋਤ ਹੁੰਦੀ ਹੈ।

"ਮਾਂ ਭਾਵੇਂ ਅਨਪੜ੍ਹ ਹੀ ਕਿਉਂ ਨਾ ਹੋਵੇ, ਪਰ ਉਸਦੇ ਕੋਲ ਦੁਨੀਆ ਭਰ ਦਾ ਗਿਆਨ ਹੁੰਦਾ ਹੈ।"

ਇਹ ਲਾਈਨ ਮਾਂ ਦੀ ਅੰਦਰੂਨੀ ਸਮਝ ਅਤੇ ਜੀਵਨ-ਅਨੁਭਵ ਨੂੰ ਦਰਸਾਉਂਦੀ ਹੈ। ਉਹ ਬੱਚੇ ਦੀ ਭੁੱਖ, ਦਰਦ ਅਤੇ ਜ਼ਰੂਰਤ ਨੂੰ ਅਕਸਰ ਕਹਿਣ ਤੋਂ ਪਹਿਲਾਂ ਹੀ ਸਮਝ ਲੈਂਦੀ ਹੈ। ਉਸਦਾ ਗਿਆਨ ਕਿਤਾਬਾਂ ਤੋਂ ਨਹੀਂ, ਸਗੋਂ ਜੀਵਨ ਦੇ ਤਜਰਬੇ ਅਤੇ ਮਮਤਾ ਤੋਂ ਜੰਮਦਾ ਹੈ।

ਮਦਰਜ਼ ਡੇ ਹਰ ਸਾਲ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਮਨਾਇਆ ਜਾਂਦਾ ਹੈ, ਅਤੇ ਇਸ ਵਾਰ ਇਹ ਪਵਿੱਤਰ ਦਿਨ 10 ਮਈ 2026 ਨੂੰ ਮਨਾਇਆ ਜਾ



ਰਿਹਾ ਹੈ। ਇਹ ਦਿਨ ਮਾਂ ਦੇ ਅਨੰਤ ਪਿਆਰ, ਅਦਭੁਤ ਤਿਆਗ ਅਤੇ ਅਣਗਿਣਤ ਕੁਰਬਾਨੀਆਂ ਨੂੰ ਦਿਲੋਂ ਯਾਦ ਕਰਨ ਦਾ ਮੌਕਾ ਹੈ। ਪਰ ਸੱਚ ਇਹ ਹੈ ਕਿ ਮਾਂ ਦਾ ਸਤਿਕਾਰ ਸਿਰਫ਼ ਇੱਕ ਦਿਨ ਨਹੀਂ, ਹਰ ਦਿਨ ਹੋਣਾ ਚਾਹੀਦਾ ਹੈ।

"ਜਿਸ ਪਲ ਇੱਕ ਔਰਤ ਆਪਣੇ ਗਰਭ ਵਿੱਚ ਪਲ ਰਹੀ ਨਵੀਂ ਜ਼ਿੰਦਗੀ ਨੂੰ ਪਹਿਲੀ ਵਾਰੀ ਮਹਿਸੂਸ ਕਰਦੀ ਹੈ, ਉਸੇ ਪਲ ਉਹ ਇੱਕ ਔਰਤ ਤੋਂ ਮਾਂ ਬਣ ਜਾਂਦੀ ਹੈ।"

ਵਿਗਿਆਨ ਵੀ ਇਹ ਮੰਨਦਾ ਹੈ ਕਿ ਜਨਮ ਦੇ ਸਮੇਂ ਮਾਂ ਦਾ ਸਰੀਰ ਵੱਡੇ ਸ਼ਾਰੀਰੀਕ ਦਰਦ, ਦਬਾਅ ਅਤੇ ਥਕਾਵਟ ਵਿਚੋਂ ਲੰਘਦਾ ਹੈ। ਇਸ ਲਈ ਮਾਂ ਦਾ ਦਰਜਾ ਸਿਰਫ਼ ਮਮਤਾ ਦਾ ਨਹੀਂ, ਸਗੋਂ ਜੀਵਨ ਦੀ ਅਤੁੱਲ ਸੱਚਾਈ ਦਾ ਪ੍ਰਤੀਕ ਹੈ। ਮਾਂ ਦਾ ਪਿਆਰ ਜਨਮ ਤੋਂ ਪਹਿਲਾਂ ਸ਼ੁਰੂ ਹੋ ਕੇ ਪੂਰੀ ਜ਼ਿੰਦਗੀ ਸਾਥ ਨਿਭਾਉਂਦਾ ਹੈ।

"ਮਾਂ ਸਿਰਫ਼ ਇੱਕ ਸ਼ਬਦ ਨਹੀਂ — ਉਹ ਪੂਰੀ ਕਾਇਨਾਤ ਹੈ।"

ਨਵੀਂ ਪੀੜ੍ਹੀ ਲਈ ਸਭ ਤੋਂ ਵੱਡਾ ਸੁਨੇਹਾ ਇਹ ਹੈ ਕਿ ਮਾਂ ਦਾ ਸਤਿਕਾਰ ਸਿਰਫ਼ ਤਿਉਹਾਰਾਂ, ਪੋਸਟਾਂ ਜਾਂ ਸ਼ਬਦਾਂ ਨਾਲ ਨਹੀਂ, ਸਗੋਂ ਰੋਜ਼ਾਨਾ ਦੇ ਵਿਹਾਰ ਨਾਲ ਹੁੰਦਾ ਹੈ। ਜਿਹੜੇ ਲੋਕ ਆਪਣੀਆਂ ਮਾਵਾਂ ਨੂੰ ਖੋ ਬੈਠੇ ਹਨ, ਉਹ ਮਾਂ ਦੀ ਗੈਰਹਾਜ਼ਰੀ ਦੀ ਕੀਮਤ ਸਭ ਤੋਂ ਵੱਧ ਜਾਣਦੇ ਹਨ। ਇਸ ਲਈ ਜਿਹੜੀਆਂ ਮਾਵਾਂ ਅੱਜ ਸਾਡੇ ਨਾਲ ਹਨ, ਉਹਨਾਂ ਨੂੰ ਪਿਆਰ, ਸਤਿਕਾਰ ਅਤੇ ਆਪਣੀ ਹਾਜ਼ਰੀ ਨਾਲ ਹਰ ਰੋਜ਼ ਇਹ ਮਹਿਸੂਸ ਕਰਵਾਉਣਾ ਚਾਹੀਦਾ ਹੈ ਕਿ ਉਹ ਸਾਡੇ ਲਈ ਕਿੰਨੀ ਅਨਮੋਲ ਹਨ।

ਇਸੇ ਹੀ ਸਤਿਕਾਰ, ਪਿਆਰ ਅਤੇ ਭਾਵਨਾ ਨਾਲ ਮੈਂ ਆਪਣੀ ਦੂਜੀ ਪੁਸਤਕ "ਸੱਚ ਸਮੁੰਦਰ" ਆਪਣੀ ਮਾਤਾ ਸਰਜੀਤ ਕੌਰ ਅਤੇ ਸੱਸ ਮਾਤਾ ਤੇਜ ਕੌਰ ਨੂੰ ਸਮਰਪਿਤ ਕੀਤੀ ਹੈ।

ਅੱਜ ਦੇ ਇਸ ਵਿਸ਼ੇਸ਼ ਮੌਕੇ 'ਤੇ ਅਸੀਂ ਸਾਰੀਆਂ ਮਾਵਾਂ ਦੇ ਅਦਭੁਤ ਤਿਆਗ ਨੂੰ ਨਮਨ ਕਰਦੇ ਹਾਂ। ਉਨ੍ਹਾਂ ਦੇ ਪਿਆਰ, ਸੰਘਰਸ਼ ਅਤੇ ਅਸੀਮ ਮਮਤਾ ਨੂੰ ਸਲਾਮ ਕਰਦੇ ਹੋਏ ਇਹ ਅਰਦਾਸ ਕਰਦੇ ਹਾਂ ਕਿ ਹਰ ਮਾਂ ਸਿਹਤਮੰਦ ਰਹੇ, ਖੁਸ਼ ਰਹੇ ਅਤੇ ਸਦਾ ਸਤਿਕਾਰ ਪਾਏ।

ਆਓ ਅਸੀਂ ਇਹ ਵਚਨ ਲਈਏ ਕਿ ਮਾਂ ਦੇ ਪਿਆਰ ਨੂੰ ਸਿਰਫ਼ ਯਾਦ ਨਹੀਂ, ਸਗੋਂ ਆਪਣੇ ਜੀਵਨ ਵਿੱਚ ਜੀਵਾਂਗੇ। ਮਾਂ ਦਾ ਪਿਆਰ ਸਿਰਫ਼ ਯਾਦ ਕਰਨ ਦੀ ਚੀਜ਼ ਨਹੀਂ, ਇਹ ਹਰ ਸਾਹ ਵਿੱਚ ਜੀਣ ਵਾਲੀ ਅਮਰ ਅਸਲੀਅਤ ਹੈ।

**ਸੰਤੋਖ ਸਿੰਘ ਜੱਸੀ**
**ਮੋਂਟਰੀਅਲ, ਕੈਨੇਡਾ**

# ਪਿੰਡ ਖਮਾਚੋਂ ਵਿੱਚ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਦਾ 135ਵਾਂ ਜਨਮ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ

## ● "ਅਸੀਂ ਰਾਜ ਕਰਨ ਵਾਲਾ ਚਰਿੱਤਰ ਨਿਰਮਾਣ ਅੱਗੇ ਲੈ ਕੇ ਜਾਣਾ ਚਾਹੁੰਦੇ ਹਾਂ" — ਡਾ. ਅਵਤਾਰ ਸਿੰਘ ਕਰੀਮਪੁਰੀ

## ●ਇਸ ਮੌਕੇ ਕਾਂਗਰਸ ਛੱਡ ਕੇ ਕਈ ਸਾਥੀ ਬਸਪਾ ਵਿੱਚ ਸ਼ਾਮਲ ਹੋਏ







**ਬੰਗਾ, 10 ਮਈ (ਚਰਨਜੀਤ ਸੱਲ੍ਹਾ)** ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ 135ਵੇਂ ਜਨਮ ਦਿਹਾੜੇ ਨੂੰ ਸਮਰਪਿਤ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਵੈਲਫੇਅਰ ਸੁਸਾਇਟੀ (ਰਜਿ.), ਪਿੰਡ ਖਮਾਚੋਂ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਸਮੂਹ ਪਿੰਡ ਵਾਸੀਆਂ ਅਤੇ ਐਨ.ਆਰ.ਆਈ. ਸਾਥੀਆਂ ਦੇ ਸਹਿਯੋਗ ਨਾਲ ਇੱਕ ਵਿਸ਼ਾਲ, ਪ੍ਰਭਾਵਸ਼ਾਲੀ ਅਤੇ ਮਿਸ਼ਨਰੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਇਲਾਕੇ ਦੇ ਨੌਜਵਾਨਾਂ, ਬਜ਼ੁਰਗਾਂ, ਮਹਿਲਾਵਾਂ, ਸਮਾਜਿਕ ਆਗੂਆਂ ਅਤੇ ਵੱਖ-ਵੱਖ ਵਰਗਾਂ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਕੇ ਬਾਬਾ ਸਾਹਿਬ ਦੇ ਵਿਚਾਰਾਂ ਨੂੰ ਅਪਣਾਉਣ ਦਾ ਸੰਕਲਪ ਲਿਆ।

ਇਸ ਮੌਕੇ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਮੁੱਖ ਮਹਿਮਾਨ ਵਜੋਂ ਪਹੁੰਚੇ। ਆਪਣੇ ਵਿਸਥਾਰਪੂਰਵਕ ਸੰਬੋਧਨ ਦੌਰਾਨ ਉਨ੍ਹਾਂ ਕਿਹਾ ਕਿ ਦੇਸ਼ ਅਤੇ ਪੰਜਾਬ ਦੀਆਂ ਰਵਾਇਤੀ ਪਾਰਟੀਆਂ — ਕਾਂਗਰਸ, ਭਾਜਪਾ, ਅਕਾਲੀ ਦਲ ਅਤੇ ਆਮ ਆਦਮੀ ਪਾਰਟੀ — ਪਿਛਲੇ 78 ਸਾਲਾਂ ਦੌਰਾਨ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਦਾ ਹੱਲ ਕਰਨ ਵਿੱਚ ਨਾਕਾਮ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਅੱਜ ਨਸ਼ਿਆਂ ਦੀ ਭਿਆਨਕ ਸਮੱਸਿਆ, ਬੇਰੁਜ਼ਗਾਰੀ, ਕਾਨੂੰਨ-ਵਿਵਸਥਾ ਦੀ ਕਮਜ਼ੋਰੀ ਅਤੇ ਸਿੱਖਿਆ ਪ੍ਰਣਾਲੀ ਦੀ ਗਿਰਾਵਟ ਨਾਲ ਜੂਝ ਰਿਹਾ ਹੈ, ਪਰ ਸਰਕਾਰਾਂ ਨੇ ਹਮੇਸ਼ਾ ਆਪਣੇ ਸਿਆਸੀ ਅਤੇ ਨਿੱਜੀ ਹਿਤਾਂ ਨੂੰ ਤਰਜੀਹ ਦਿੱਤੀ ਹੈ।

ਡਾ. ਕਰੀਮਪੁਰੀ ਨੇ ਕਿਹਾ ਕਿ ਬਹੁਜਨ ਸਮਾਜ ਨੂੰ ਹੁਣ ਭਿਖਾਰੀ ਬਣਨ ਦੀ ਨਹੀਂ, ਸਗੋਂ ਰਾਜ ਕਰਨ ਵਾਲਾ ਚਰਿੱਤਰ ਨਿਰਮਾਣ ਕਰਨ ਦੀ ਲੋੜ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਮਾਜ ਨੂੰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਕੇ ਸਿਆਸੀ ਤਾਕਤ ਹਾਸਲ ਕਰਨੀ ਪਵੇਗੀ। ਉਨ੍ਹਾਂ ਕਿਹਾ, "ਜੇ ਪੰਜਾਬ ਦੀ ਜਨਤਾ 2027 ਦੀਆਂ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਨੂੰ ਮੌਕਾ ਦਿੰਦੀ ਹੈ ਤਾਂ ਅਸੀਂ ਥੋੜ੍ਹੇ ਸਮੇਂ ਵਿੱਚ ਪੰਜਾਬ ਵਿੱਚ ਵੱਡੀ ਤਬਦੀਲੀ ਲਿਆ ਕੇ ਦਿਖਾਵਾਂਗੇ। ਬਸਪਾ ਹਮੇਸ਼ਾ ਗਰੀਬ, ਮਜ਼ਦੂਰ, ਕਿਸਾਨ, ਪਿੱਛੜੇ ਅਤੇ ਦਬੇ-ਕੁਚਲੇ ਵਰਗਾਂ ਦੀ ਆਵਾਜ਼ ਬਣੀ ਹੈ ਅਤੇ ਅੱਗੇ ਵੀ ਬਣੀ ਰਹੇਗੀ।"

ਇਸ ਮੌਕੇ ਬਸਪਾ ਪੰਜਾਬ ਦੇ ਜਨਰਲ ਸਕੱਤਰ ਸ਼੍ਰੀ ਪ੍ਰਵੀਨ ਬੰਗਾ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਉਨ੍ਹਾਂ ਆਪਣੇ ਸੰਬੋਧਨ ਵਿੱਚ ਲੋਕਾਂ ਨੂੰ ਬਸਪਾ ਦੀ "ਪੰਜਾਬ ਸੰਭਾਲੋ ਮੁਹਿੰਮ" ਨਾਲ ਜੁੜਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਬਚਾਉਣ ਅਤੇ ਨਵੀਂ ਦਿਸ਼ਾ ਦੇਣ ਲਈ ਬਹੁਜਨ ਸਮਾਜ ਨੂੰ ਇਕੱਠੇ ਹੋ ਕੇ ਬਸਪਾ ਦੀ ਮਜ਼ਬੂਤੀ ਲਈ ਕੰਮ ਕਰਨਾ ਹੋਵੇਗਾ।

ਬਸਪਾ ਬੰਗਾ ਦੇ ਜਨਰਲ ਸਕੱਤਰ ਚਰਨਜੀਤ ਮੰਢਾਲੀ ਨੇ ਕਿਹਾ ਕਿ ਸਾਨੂੰ ਭਿਖਾਰੀ ਨਹੀਂ, ਸਗੋਂ ਅਧਿਕਾਰੀ ਬਣਨ ਦੀ ਸੋਚ ਅਪਣਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦਾ ਸੁਪਨਾ ਸੀ ਕਿ ਬਹੁਜਨ ਸਮਾਜ ਨੂੰ ਦੇਸ਼ ਦਾ ਹੁਕਮਰਾਨ ਬਣਾਇਆ ਜਾਵੇ ਅਤੇ ਉਹੀ ਮਿਸ਼ਨ ਅੱਜ ਬਸਪਾ ਵੱਲੋਂ ਅੱਗੇ ਵਧਾਇਆ ਜਾ ਰਿਹਾ ਹੈ।



ਸਮਾਗਮ ਦੌਰਾਨ ਏਕਤਾ ਕਲਾ ਮੰਚ ਲਸਾੜਾ ਦੀ ਟੀਮ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜੀਵਨ, ਸੰਘਰਸ਼, ਵਿਚਾਰਧਾਰਾ ਅਤੇ ਬਹੁਜਨ ਸਮਾਜ ਲਈ ਦਿੱਤੀਆਂ ਮਹਾਨ ਕੁਰਬਾਨੀਆਂ ਨੂੰ ਨਾਟਕਾਂ ਅਤੇ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ, ਜਿਸ ਨੂੰ ਹਾਜ਼ਰ ਦਰਸ਼ਕਾਂ ਵੱਲੋਂ ਭਰਪੂਰ ਸਰਾਹਨਾ ਮਿਲੀ।

ਇਸ ਮਿਸ਼ਨਰੀ ਸਮਾਗਮ ਵਿੱਚ ਵਿਧਾਨ ਸਭਾ ਹਲਕਾ ਬੰਗਾ ਦੀ ਸਮੂਹ ਲੀਡਰਸ਼ਿਪ, ਸਮਾਜਿਕ ਸੰਸਥਾਵਾਂ ਦੇ ਨੁਮਾਇੰਦੇ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਰਹੇ। ਇਸ ਮੌਕੇ ਕਈ ਕਾਂਗਰਸੀ ਸਾਥੀਆਂ ਨੇ ਕਾਂਗਰਸ ਪਾਰਟੀ ਛੱਡ ਕੇ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਵੀ ਕੀਤਾ, ਜਿਨ੍ਹਾਂ ਦਾ ਆਗੂਆਂ ਵੱਲੋਂ ਸਨਮਾਨ ਸਹਿਤ ਸਵਾਗਤ ਕੀਤਾ ਗਿਆ।

ਸਮਾਗਮ ਦੌਰਾਨ ਡਾ. ਭੀਮ ਰਾਓ ਅੰਬੇਡਕਰ ਸਾਹਿਤ, ਦਲਿਤ ਸਾਹਿਤ ਅਤੇ ਤਰਕਸ਼ੀਲ ਸਾਹਿਤ ਨਾਲ ਸੰਬੰਧਿਤ ਇੱਕ ਵਿਸ਼ੇਸ਼ ਪੁਸਤਕ ਪ੍ਰਦਰਸ਼ਨੀ ਅਤੇ ਬੁੱਕ ਸਟਾਲ ਵੀ ਲਗਾਇਆ ਗਿਆ, ਜਿਸ ਵਿੱਚ ਨੌਜਵਾਨਾਂ, ਵਿਦਿਆਰਥੀਆਂ ਅਤੇ ਬੁੱਧੀਜੀਵੀਆਂ ਨੇ ਖਾਸ ਦਿਲਚਸਪੀ ਦਿਖਾਈ। ਬੁੱਕ ਸਟਾਲ ਰਾਹੀਂ ਬਾਬਾ ਸਾਹਿਬ ਦੇ ਵਿਚਾਰਾਂ, ਸਮਾਜਿਕ ਚੇਤਨਾ, ਸਮਾਨਤਾ, ਸਿੱਖਿਆ ਅਤੇ ਵਿਗਿਆਨਕ ਸੋਚ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਉਪਰਾਲਾ ਕੀਤਾ ਗਿਆ। ਬੁੱਕ ਸਟਾਲ 'ਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ, ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਅਤੇ ਹੋਰ ਬਹੁਜਨ ਮਹਾਨ ਸ਼ਖਸੀਅਤਾਂ ਨਾਲ ਸੰਬੰਧਤ ਸਾਹਿਤ ਲੋਕਾਂ ਦੀ ਖਿੱਚ ਦਾ ਕੇਂਦਰ ਬਣਿਆ ਰਿਹਾ।

ਇਸ ਤੋਂ ਇਲਾਵਾ ਸਮਾਗਮ ਵਿੱਚ ਪਹੁੰਚੀਆਂ ਸਮੂਹ ਸੰਗਤਾਂ ਲਈ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਿਰਕਤ ਕਰਕੇ ਸੇਵਾ, ਭਾਈਚਾਰੇ ਅਤੇ ਸਾਂਝੀਵਾਲਤਾ ਦਾ ਸੰਦੇਸ਼ ਪ੍ਰਾਪਤ ਕੀਤਾ।

ਸਮਾਗਮ ਵਿੱਚ ਮਿਸ ਸੰਦੀਪ ਕੌਰ ਚੇਅਰਪਰਸਨ ਬਲਾਕ ਸੰਮਤੀ ਫਿਲੌਰ (ਬਸਪਾ), ਕੁਸ਼ੱਲਿਆ ਦੇਵੀ, ਆਸ਼ਾ ਰਾਣੀ, ਕੁਲਦੀਪ ਕੌਰ ਸਰਪੰਚ, ਜਤਿੰਦਰ ਜੱਸੀ ਖਮਾਚੋਂ, ਵਰਿੰਦਰ ਮੋਹਣ ਬੱਬੂ, ਗੋਪਾਲ, ਪਰਮਜੀਤ ਆਰਟ, ਵਿਪਨ ਕੁਮਾਰ, ਮਨਜੀਤ ਕੁਮਾਰ (ਵਿਸ਼ਾਲ), ਜੋਗ ਰਾਜ ਜੱਸੀ, ਮਾਸਟਰ ਤਾਰੂ ਰਾਮ, ਰਾਜਪਾਲ ਜੱਸੀ, ਹਰਮੇਸ਼ ਲਾਲ, ਪ੍ਰਵੀਨ ਕੈਂਥ ਥਾਂਦੀਆਂ, ਅਰੁਣ, ਬਲਜੀਤ, ਪ੍ਰਦੀਪ ਜੱਸੀ, ਡਾ. ਪਰਮਜੀਤ ਸਿੰਘ ਸੋਢੀਆਂ, ਜਸਪਾਲ ਰੱਲੂ ਲਧਾਣਾ, ਮਲਕੀਤ ਮੰਢਾਲੀ (ਮੁਲਾਜ਼ਮ ਆਗੂ), ਸਰਵਨ ਸਿੰਘ ਲਾਇਨਮੈਨ, ਬਲਵੰਤ ਰਾਏ, ਸੁਖਵਿੰਦਰ ਲੰਗੇਰੀ (ਬੁੱਕ ਸਟਾਲ), ਲਖਵੀਰ ਲੱਕੀ ਅਤੇ ਹੋਰ ਕਈ ਆਗੂ ਤੇ ਸਾਥੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਲੋਕਾਂ ਦੀ ਹਾਜ਼ਰੀ ਨੇ ਇਸ ਪ੍ਰੋਗਰਾਮ ਨੂੰ ਹੋਰ ਵੀ ਇਤਿਹਾਸਕ ਅਤੇ ਯਾਦਗਾਰ ਬਣਾ ਦਿੱਤਾ। ਸਟੇਜ ਸਕੱਤਰ ਦੀ ਭੂਮਿਕਾ ਪਰਮਜੀਤ ਸਿੰਘ ਦੁਸਾਂਝ, ਜੋ ਕਿ ਬਸਪਾ ਦੇ ਉਭਰਦੇ ਆਗੂ ਹਨ, ਵੱਲੋਂ ਬਾਖੂਬੀ ਨਿਭਾਈ ਗਈ। ਉਨ੍ਹਾਂ ਨੇ ਸਮੂਹ ਪ੍ਰੋਗਰਾਮ ਨੂੰ ਬਹੁਤ ਹੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਚਲਾਇਆ।

ਜਾਗਰੂਕਤਾ ਸਮਾਗਮ ਦੌਰਾਨ ਬਹੁਜਨ ਸਮਾਜ ਦੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਅਤੇ ਮਹਿਲਾਵਾਂ ਤੱਕ ਹਰ ਵਰਗ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਅੰਤ ਵਿੱਚ ਸਮੂਹ ਸੁਸਾਇਟੀ ਮੈਂਬਰਾਂ ਨੇ ਇਸ ਸਮਾਗਮ ਵਿੱਚ ਸ਼ਮੂਲੀਅਤ ਕਰਨ ਵਾਲੇ ਵਰਕਰਾਂ, ਸਮਰਥਕਾਂ, ਪਿੰਡ ਵਾਸੀਆਂ, ਐਨ.ਆਰ.ਆਈ. ਸਾਥੀਆਂ ਅਤੇ ਸਮੂਹ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਜੰਗੇ ਆਜ਼ਾਦੀ ਦੇ ਇਤਿਹਾਸਕਾਰ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦਾ ਦਿਹਾਂਤ

## ਦੇਸ਼ ਭਗਤ ਯਾਦਗਾਰ ਕਮੇਟੀ ਨੇ '.ਗਦਰੀਆਂ ਦੇ ਮੁਨਸ਼ੀ' ਵਜੋਂ ਕੀਤਾ ਯਾਦ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਜੰਗੇ ਆਜ਼ਾਦੀ ਦੇ ਤੱਥਮੂਲਕ ਇਤਿਹਾਸਕਾਰ ਤੇ ਗੁਰੂ ਨਾਨਕ ਇੰਜਨੀਰਿੰਗ ਕਾਲਿਜ ਲੁਧਿਆਣਾ ਵਿੱਚ ਲੰਮਾ ਸਮਾਂ ਹਿਉਮੇਨੇਟੀਜ਼ ਦੇ ਪ੍ਰੋਫੈਸਰ ਰਹੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦਾ ਅੱਜ ਸਵੇਰੇ ਸਾਕੇਤੜੀ (ਪੰਚਕੂਲਾ) ਵਿਖੇ ਦੇਹਾਂਤ ਹੋ ਗਿਆ ਹੈ। ਕੁਝ ਸਮਾਂ ਪਹਿਲਾਂ ਹੀ ਉਨ੍ਹਾਂ ਆਪਣਾ 96ਵਾਂ ਜਨਮ ਦਿਨ ਮਨਾਇਆ ਸੀ। ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਜੀ ਦਾ ਪਰਿਵਾਰ ਲ੍ਹੱਧੇਵਾਲਾ ਵੜੈਚ (ਗੁਜਰਾਂਵਾਲਾ) ਤੋਂ ਦੇਸ਼ ਵੰਡ ਵੇਲੇ ਏਧਰ ਆ ਕੇ ਪਹਿਲਾਂ ਕਪੂਰਥਲਾ ਤੇ ਮਗਰੋਂ ਪੱਕੇ ਤੌਰ ਤੇ ਪਿੰਡ ਰਾਵਰ (ਕਰਨਾਲ) ਵਿੱਚ ਵਸ ਗਏ। ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ 1960 ਤੋਂ 1989 ਤੀਕ ਗੁਰੂ ਨਾਨਕ ਇੰਜਨੀਰਿੰਗ ਕਾਲਜ ਵਿੱਚ ਪੜ੍ਹਾਉਂਦੇ ਰਹੇ। ਵਿਦਿਆਰਥੀਆਂ ਵਿੱਚ ਦੇਸ਼ ਭਗਤ ਵਿਰਸਾ ਚੇਤਨਾ, ਸਿਰਜਣਾਤਮਕ ਸੋਝੀ, ਖੇਡ ਸੱਭਿਆਚਾਰ, ਸਵੈ ਅਨੁਸ਼ਾਸਨ ਤੇ ਭਾਈਚਾਰਕ ਸ਼ਕਤੀ ਦੀ ਨਿਰੰਤਰ ਉਸਾਰੀ ਉਨ੍ਹਾਂ ਦਾ ਮੂਲ ਉਦੇਸ਼ ਰਿਹਾ। ਉਮਰ ਦੇ ਆਖਰੀ ਦੋ ਤਿੰਨ ਸਾਲ ਛੱਡ ਕੇ ਉਹ ਰੋਜ਼ਾਨਾ ਖੇਡ ਮੈਦਾਨ ਜਾਂ ਸੁਖਨਾ ਲੇਕ ਦੇ ਕੰਢੇ ਸਵੇਰਸਾਰ ਦੌੜਦੇ ਰਹੇ। ਉਨ੍ਹਾਂ ਨੇ ਗਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ, ਸ਼ਹੀਦ ਭਗਤ ਸਿੰਘ ਦੇ ਮਾਤਾ ਵਿਦਿਆਵਤੀ, ਬਾਬਾ ਹਰੀ ਸਿੰਘ ਉਸਮਾਨ, ਬਾਬਾ ਅਰਜਨ ਸਿੰਘ ਜਗਰਾਉਂ, ਬਾਬਾ ਰੂੜ ਸਿੰਘ ਚੂਹੜਚੱਕ, ਬਾਬਾ ਪਾਲਾ ਸਿੰਘ ਢੁੱਡੀਕੇ, ਸ਼ਹੀਦ ਜਤਿਨ ਦਾਸ ਦੇ ਭਰਾਤਾ ਕਿਰਨ ਦਾਦਾ ਤੇ ਅਨੇਕਾਂ ਹੋਰ ਦੇਸ਼ ਭਗਤਾਂ ਦੀ ਸੰਗਤ ਮਾਣੀ। ਜਲੰਧਰ ਵਿੱਚ ਆਪਣੇ ਸਾਥੀ ਸਹਿਯੋਗੀਆਂ ਤੇ ਵਿਸ਼ਵਾਸਪਾਤਰਾਂ ਦੀ ਸੰਗਤ ਨਾਲ ਉਨ੍ਹਾਂ ਯੁਵਕ ਕੇਂਦਰ ਦੀ ਸਥਾਪਨਾ ਕਰਕੇ ਪੂਰੇ ਪੰਜਾਬ ਵਿੱਚ ਸ਼ਹੀਦਾਂ ਵਿਰਾਸਤ ਚੇਤਨਾ ਦਾ ਪਰਚਮ ਲਹਿਰਾਇਆ। ਆਪਣੇ ਪਿੱਛੋਂ ਉਹ ਆਪਣੀ ਇਕਲੌਤੀ ਬੇਟੀ ਡਾ. ਮਿੰਨਾ ਵੜੈਚ ਤੇ ਉਸ ਦੇ ਪਰਿਵਾਰ ਤੋਂ ਇਲਾਵਾ ਵਿਸ਼ਾਲ ਵਿਚਾਰਧਾਰਕ ਪਰਿਵਾਰ ਛੱਡ ਗਏ ਹਨ। ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਉਹਨਾਂ ਦੇ ਸਦੀਵੀ ਵਿਛੋੜੇ ਉੱਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਉਹਨਾਂ ਦੇ ਗ਼ਦਰ ਲਹਿਰ ਦੇ ਇਤਿਹਾਸ ਦੇ ਖੇਤਰ ਵਿੱਚ ਵੱਡੇ ਯੋਗਦਾਨ ਨੂੰ ਯਾਦ ਕੀਤਾ। ਇਸ ਸਬੰਧੀ ਦੇਸ਼ ਭਗਤ ਯਾਦਗਾਰ ਹਾਲ ਵਿੱਚ ਕੀਤੀ ਗਈ ਸ਼ੋਕ ਸਭਾ ਵਿੱਚ ਉਹਨਾਂ ਨੂੰ ਗ਼ਦਰੀਆਂ ਦੇ ਮੁਨਸ਼ੀ ਵਜੋਂ ਕਰਦਿਆਂ ਸ਼ਰਧਾਂਜ਼ਲੀ ਭੇਂਟ ਕੀਤੀ ਗਈ।



# ਰਾਸ਼ਟਰੀ ਲੋਕ ਅਦਾਲਤ 'ਚ 27,405 ਮਾਮਲਿਆਂ ਦਾ ਮੌਕੇ 'ਤੇ ਨਿਪਟਾਰਾ, 7.83 ਕਰੋੜ ਰੁਪਏ ਦੇ ਅਵਾਰਡ ਪਾਸ

## ਹੁਸ਼ਿਆਰਪੁਰ 'ਚ ਸਾਲ ਦੀ ਦੂਜੀ ਰਾਸ਼ਟਰੀ ਲੋਕ ਅਦਾਲਤ ਲਗਾਈ ਗਈ, 20 ਬੈਂਚਾਂ 'ਚ ਹੋਈ ਸੁਣਵਾਈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਸ਼ਨੀਵਾਰ ਨੂੰ ਜ਼ਿਲ੍ਹੇ ਵਿਚ ਸਾਲ ਦੀ ਦੂਜੀ ਰਾਸ਼ਟਰੀ ਲੋਕ ਅਦਾਲਤ ਲਗਾਈ ਗਈ। ਇਸ ਲੋਕ ਅਦਾਲਤ ਵਿਚ ਐਨ.ਆਈ. ਐਕਟ ਦੀ ਧਾਰਾ 138 ਤਹਿਤ ਮਾਮਲੇ (ਲੰਬਿਤ ਅਤੇ ਪ੍ਰੀ-ਲਿਟੀਗੇਸ਼ਨ ਬੈਂਕ ਰਿਕਵਰੀ ਕੇਸ ਅਤੇ ਲੇਬਰ ਵਿਵਾਦ ਮਾਮਲੇ), ਮੋਟਰ ਐਕਸੀਡੈਂਟ ਕਲੇਮ ਕੇਸ, ਬਿਜਲੀ ਅਤੇ ਪਾਣੀ ਦੇ ਬਿਲਾਂ ਨਾਲ ਸਬੰਧਤ ਮਾਮਲੇ (ਗੈਰ-ਕੰਪਾਉਡੇਬਲ ਮਾਮਲਿਆਂ ਨੂੰ ਛੱਡ ਕੇ), ਵਿਆਹ ਵਿਵਾਦ, ਟ੍ਰੈਫਿਕ ਚਾਲਾਨ, ਮਾਲ ਮਾਮਲੇ ਅਤੇ ਹੋਰ ਸਿਵਲ ਅਤੇ ਘੱਟ ਗੰਭੀਰ ਅਪਰਾਧਿਕ ਮਾਮਲੇ ਅਤੇ ਘਰੇਲੂ ਵਿਵਾਦਾਂ ਨਾਲ ਸਬੰਧਤ ਕੇਸ ਰੱਖੇ ਗਏ। ਇਹ ਲੋਕ ਅਦਾਲਤ ਜਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਜਿੰਦਰ ਅਗਰਵਾਲ ਦੀ ਯੋਗ ਅਗਵਾਈ ਹੇਠ ਲਗਾਈ ਗਈ। ਇਸ ਲੋਕ ਅਦਾਲਤ ਵਿਚ ਹੁਸ਼ਿਆਰਪੁਰ ਵਿਚ ਕੁੱਲ 20 ਬੈਂਚ ਗਠਿਤ ਕੀਤੇ ਗਏ ਜਿਸ ਵਿਚ ਹੁਸ਼ਿਆਰਪੁਰ ਨਿਆਂਇਕ ਅਦਾਲਤਾਂ ਦੇ 9 ਬੈਂਚ, ਉਪ ਮੰਡਲ ਦਸੂਹਾ ਵਿਚ 2 ਬੈਂਚ, ਮੁਕੇਰੀਆਂ ਵਿਚ 2 ਬੈਂਚ, ਗੜ੍ਹਸ਼ੰਕਰ ਵਿਚ 2 ਬੈਂਚ ਅਤੇ ਮਾਲ ਅਦਾਲਤਾਂ ਦੇ 5 ਬੈਂਚ ਸ਼ਾਮਲ ਸਨ। ਜ਼ਿਲ੍ਹਾ ਹੁਸ਼ਿਆਰਪੁਰ ਦੀ ਲੋਕ ਅਦਾਲਤ ਵਿਚ 30912 ਮਾਮਲਿਆਂ ਦੀ ਸੁਣਵਾਈ ਹੋਈ ਅਤੇ 27,405 ਕੇਸਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ ਅਤੇ ਧਿਰਾਂ ਤੋਂ ਕੁੱਲ 78356946 ਰੁਪਏ ਦੇ ਅਵਾਰਡ ਪਾਸ ਕੀਤੇ ਗਏ। ਜਾਣਕਾਰੀ ਦਿੰਦੇ ਹੋਏ ਸੀ.ਜੇ.ਐਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ ਨੇ ਦੱਸਿਆ ਕਿ ਲੋਕ ਅਦਾਲਤ ਵਿਚ ਇਕ ਸਿਵਲ ਅਪੀਲ 'ਪ੍ਰਵੀਨ ਕੁਮਾਰ ਬਨਾਮ ਮਨਿੰਦਰ ਸਿੰਘ' ਦਾ ਵੀ ਨਿਪਟਾਰਾ ਕੀਤਾ ਗਿਆ। ਇਹ ਮਾਮਲਾ ਸਾਲ 2016 ਵਿਚ ਸ਼ੁਰੂ ਹੋਇਆ ਸੀ, ਜਿਸ ਵਿਚ ਮਨਿੰਦਰ ਸਿੰਘ ਨੇ ਵਿਵਾਦਤ ਜਾਇਦਾਦ 'ਤੇ ਕਬ਼ਜੇ ਦਾ ਦਾਅਵਾ ਕਰਦੇ ਹੋਏ ਸਥਾਈ ਹੁਕਮਨਾਮੇ ਲਈ ਮੁਕਦਮਾ ਦਾਇਰ ਕੀਤਾ ਗਿਆ ਸੀ। ਬਾਅਦ ਵਿਚ 04-10-2022 ਦੇ ਫੈਸਲੇ ਖਿਲਾਫ਼ ਅਪੀਲ ਦਾਇਰ ਕੀਤੀ ਗਈ। ਅੰਤ 04-04-2026 ਨੂੰ ਹੋਈ ਪ੍ਰੀ-ਲੋਕ ਅਦਾਲਤ ਵਿਚ ਦੋਵਾਂ ਧਿਰਾਂ ਦਰਮਿਆਨ ਸਮਝੌਤਾ ਹੋ ਗਿਆ, ਜਿਸ ਦੇ ਅਨੁਸਾਰ ਅਪੀਲਕਰਤਾ ਪ੍ਰਵੀਨ ਕੁਮਾਰ ਨੂੰ ਪਿੰਡ ਬਨਕਰਨਪੁਰ, ਤਹਿਸੀਲ ਮੁਕੇਰੀਆਂ ਸਥਿਤ ਜਾਇਦਾਦ ਦਾ ਮਾਲਕ ਘੋਸ਼ਿਤ ਕੀਤਾ ਗਿਆ ਅਤੇ ਪ੍ਰਤੀਵਾਦੀ ਮਨਿੰਦਰ ਸਿੰਘ ਅਤੇ ਉਸ ਦੀ ਮਾਤਾ ਦਾ ਉਸ ਜਾਇਦਾਦ 'ਤੇ ਕੋਈ ਅਧਿਕਾਰ ਨਹੀਂ ਮੰਨਿਆ ਗਿਆ। ਨਾਲ ਹੀ ਅਪੀਲਕਰਤਾ ਨੂੰ ਮਾਲ ਰਿਕਾਰਡ ਵਿਚ ਸੋਧ ਕਰਵਾਉਣ ਦਾ ਅਧਿਕਾਰ ਵੀ ਦਿੱਤਾ ਗਿਆ। ਇਸ ਮਾਮਲੇ ਦਾ ਅੰਤਿਮ ਨਿਪਟਾਰਾ ਅੱਜ ਰਾਸ਼ਟਰੀ ਲੋਕ ਅਦਾਲਤ ਦੇ ਬੈਂਚ ਨੰਬਰ-2 ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਹੁਸ਼ਿਆਰਪੁਰ ਪ੍ਰਭਜੋਤ ਸਿੰਘ ਕਲੇਕਾ ਨੇ ਕੀਤਾ। ਇਸ ਤੋਂ ਇਲਾਵਾ 'ਅਸ਼ੋਕ ਕੁਮਾਰ ਬਨਾਮ ਮਨਮੋਹਨ ਸਿੰਘ' ਕੇਸ ਵਿਚ ਇਕ ਹੋਰ ਕਿਰਾਇਆ ਅਪੀਲ ਮਾਮਲੇ ਦਾ ਵੀ ਨਿਪਟਾਰਾ ਕੀਤਾ ਗਿਆ। ਇਹ ਮਾਮਲਾ ਸਾਲ 2018 ਵਿਚ ਸ਼ੁਰੂ ਹੋਇਆ ਸੀ, ਜਦ ਮਕਾਨ ਮਾਲਿਕ ਮਨਮੋਹਨ ਸਿੰਘ ਨੇ ਕਿਰਾਏਦਾਰ ਅਸ਼ੋਕ ਕੁਮਾਰ ਖਿਲਾਫ਼ ਨਿੱਜੀ ਜ਼ਰੂਰਤ ਅਤੇ ਕਿਰਾਇਆ ਨਾ ਦੇਣ ਦੇ ਆਧਾਰ 'ਤੇ ਬੇਦਖਲੀ ਪਟੀਸ਼ਨ ਦਾਇਰ ਕੀਤੀ ਸੀ।



# ਪੇਂਡੂ ਮਜ਼ਦੂਰ ਯੂਨੀਅਨ ਨਵਾਂਸ਼ਹਿਰ ਨੇ ਮਜਦੂਰਾਂ ਨੂੰ ਤਿੱਖੇ ਸੰਘਰਸ਼ ਲੜਨ ਦਾ ਸੱਦਾ ਦਿੱਤਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਨੇ ਮਜ਼ਦੂਰ ਜਮਾਤ ਨੂੰ ਆਪਣੀਆਂ ਮੰਗਾਂ ਨੂੰ ਲੈਕੇ ਤਿੱਖੇ ਸੰਘਰਸ਼ ਛੇੜਨ ਦਾ ਸੱਦਾ ਦਿੱਤਾ ਹੈ। ਉਹ ਅੱਜ ਪਿੰਡ ਗੋਹਲੜੋਂ ਵਿਖੇ ਪੇਂਡੂ ਮਜ਼ਦੂਰ ਯੂਨੀਅਨ ਇਲਾਕਾ ਨਵਾਂਸ਼ਹਿਰ ਦੇ ਡੈਲੀਗੇਟ ਇਜਲਾਸ ਮੌਕੇ ਸੰਬੋਧਨ ਕਰ ਰਹੇ ਸਨ। ਉਹਨਾਂ ਕਿਹਾ ਕਿ ਖੇਤਾਂ, ਸਨਅਤਾਂ, ਉਸਾਰੀ ਆਦਿ ਖੇਤਰਾਂ ਵਿੱਚ ਇਹ ਸਿਸਟਮ ਮਜਦੂਰਾਂ ਦੀ ਰੱਜਕੇ ਲੁੱਟ ਕਰਦਾ ਹੈ। ਮਜ਼ਦੂਰੀ ਦੀ ਦਿਹਾੜੀ ਦਾ ਸਮਾਂ 12 ਘੰਟੇ ਕਰਕੇ ਕਿਰਤ ਦੀ ਹੋਰ ਵੀ ਲੁੱਟ ਕਰਨ ਦੇ ਮਨਸੂਬੇ ਘੜੇ ਜਾ ਰਹੇ ਹਨ। ਨਾ ਤਾਂ ਯੋਗਤਾ ਅਨੁਸਾਰ ਕੰਮ ਮਿਲਦਾ ਹੈ ਅਤੇ ਨਾ ਹੀ ਤਨਖ਼ਾਹ।ਇੱਕ ਤੋਂ ਬਾਅਦ ਇੱਕ ਮਜ਼ਦੂਰ ਵਿਰੋਧੀ ਅਤੇ ਪੂੰਜਪਤੀਆਂ ਦੇ ਪੱਖੀ ਕਾਨੂੰਨ ਘੜੇ ਜਾ ਰਹੇ ਹਨ। ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਦੀ ਮਾਨ ਸਰਕਾਰ ਧੂੰਏ ਦੇ ਪਹਾੜ ਖੜੇ ਕਰ ਰਹੀਆਂ ਹਨ। ਅਜਿਹੇ ਹਾਲਾਤਾਂ ਵਿੱਚ ਸਾਨੂੰ ਸੰਘਰਸ਼ਾਂ ਉੱਤੇ ਟੇਕ ਰੱਖਣੀ ਚਾਹੀਦੀ ਹੈ। ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ ਨੇ ਆਪਣੀ ਜਥੇਬੰਦੀ ਵਲੋਂ ਭਰਾਤਰੀ ਸੰਦੇਸ਼ ਦਿੰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਮਜ਼ਦੂਰ ਜਮਾਤ ਉੱਤੇ ਚੌਤਰਫਾ ਹਮਲੇ ਹੋ ਰਹੇ ਹਨ। ਕਿਰਤ ਸ਼ਕਤੀ ਦੀ ਬੇਕਿਰਕ ਲੁੱਟ ਦੇ ਵਿਰੋਧ ਵਿੱਚ ਮਜਦੂਰਾਂ ਦੇ ਤਿੱਖੇ ਸੰਘਰਸ਼ ਫੁਟ ਰਹੇ ਹਨ। ਪਰ ਸਰਕਾਰਾਂ ਉਲਟਾ ਮਜ਼ਦੂਰਾਂ ਦੇ ਵਿਰੁੱਧ ਭੁਗਤਦਿਆਂ ਉਹਨਾਂ ਉੱਤੇ ਜਬਰ ਢਾਹ ਰਹੀਆਂ ਹਨ। ਜਿਸਦਾ ਮੁਕਾਬਲਾ ਜਥੇਬੰਦਕ ਤਾਕਤ ਅਤੇ ਸੰਘਰਸ਼ਾਂ ਨਾਲ ਕਰਨਾ ਚਾਹੀਦਾ ਹੈ। ਇਸ ਤੋਂ ਪਹਿਲਾਂ ਇਜਲਾਸ ਦੀ ਕਾਰਵਾਈ ਦੇ ਸ਼ੁਰੂ ਵਿੱਚ ਜੱਥੇਬੰਦੀ ਦੀ ਬੀਤੇ ਦੀ ਸਰਗਰਮੀਆਂ ਦੀ ਰਿਪੋਰਟ ਕਿਰਨਜੀਤ ਕੌਰ ਨੇ ਪੇਸ਼ ਕੀਤੀ। ਜਿਸ ਉੱਤੇ ਵਿਸਤਾਰ ਵਿਚ ਚਰਚਾ ਹੋਈ। ਡੈਲਗੇਟਾਂ ਨੇ ਭਵਿੱਖ ਲਈ ਅਹੁਦੇਦਾਰਾਂ ਦੀ ਚੋਣ ਕਰਦਿਆਂ ਕਿਰਨਜੀਤ ਕੌਰ ਨੂੰ ਇਲਾਕਾ ਕਮੇਟੀ ਦੀ ਪ੍ਰਧਾਨ, ਸੁਰਿੰਦਰ ਮੀਰਪੁਰੀ ਨੂੰ ਮੀਤ ਪ੍ਰਧਾਨ, ਸਤਨਾਮ ਸਿੰਘ ਲਾਡੀ ਨੂੰ ਸਕੱਤਰ, ਸੁਰਿੰਦਰ ਸਿੰਘ ਸਨਾਵਾ ਨੂੰ ਖਜ਼ਾਨਚੀ, ਪ੍ਰੇਮ ਸਿੰਘ ਸ਼ਹਾਬਪੁਰ, ਬਿੰਦਰ ਗੋਹਲੜੋਂ ਅਤੇ ਬਲਵਿੰਦਰ ਲੁੱਗੀ ਭਗੌਰਾਂ ਨੂੰ ਕਮੇਟੀ ਮੈਂਬਰ ਚੁਣਿਆ। ਅੰਤ ਵਿੱਚ ਯੂਨੀਅਨ ਦੇ ਸੀਨੀਅਰ ਆਗੂ ਕਮਲਜੀਤ ਸਨਾਵਾ ਵਲੋਂ ਪੇਸ਼ ਕੀਤੇ ਮਤੇ ਪਾਸ ਕਰਕੇ ਮਜ਼ਦੂਰ ਦੀ ਦਿਹਾੜੀ ਇੱਕ ਹਜਾਰ ਰੁਪਏ ਕਰਨ, ਮਾਸਿਕ ਤਨਖਾਹ 30 ਹਜਾਰ ਰੁਪਏ ਕਰਨ, ਪੰਚਾਇਤੀ ਜ਼ਮੀਨ ਦੇ ਠੇਕੇ ਦੀ ਰਾਸ਼ੀ ਵਿੱਚ ਕੀਤਾ 20 ਫ਼ੀਸਦੀ ਵਾਧਾ ਵਾਪਸ ਲੈਣ, ਸਹਿਕਾਰੀ ਸੁਸਾਇਟੀਆਂ ਦੇ ਕਰਜ਼ੇ ਦੇ ਨੋਟਿਸ ਭੇਜਣੇ ਬੰਦ ਕਰਕੇ ਕਰਜ਼ੇ ਮੁਆਫ ਕਰਨ, ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਦਲਿਤਾਂ ਨੂੰ ਘੱਟ ਰਾਸ਼ੀ ਉੱਤੇ ਦੇਣ ,ਜਨਗਣਨਾ ਵਾਲੇ ਫਾਰਮਾਂ ਵਿੱਚੋਂ ਇਤਰਾਜ਼ਯੋਗ ਜਾਤੀ ਸੂਚਕ ਸ਼ਬਦ ਹਟਾਉਣ ਅਤੇ ਮਿਉਂਸਪਲਟੀਆਂ ਦੇ ਹੜਤਾਲੀ ਸਫ਼ਾਈ ਕਰਮਚਾਰੀਆਂ ਦੀਆਂ ਮੰਗਾਂ ਪੂਰੀਆਂ ਕਰਨ ਦੀ ਮੰਗ ਕੀਤੀ।






# ਸਿੱਖ ਨੈਸ਼ਨਲ ਕਾਲਜ ਬੰਗਾ ਦੇ ਬੀਐਸਸੀ ਸਮੈਸਟਰ ਤੀਸਰਾ ਦੀ ਪ੍ਰੀਖਿਆ ਵਿੱਚ ਮੱਲਾਂ ਮਾਰੀਆਂ

**ਬੰਗਾ/ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਬੀਐਸਸੀ ਸਮੈਸਟਰ ਤੀਜਾ ਦੀ ਪ੍ਰੀਖਿਆ ਦੇ ਐਲਾਨੇ ਨਤੀਜੇ ਵਿੱਚ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਵਿਦਿਆਰਥੀਆਂ ਨੇ ਚੰਗੇ ਅੰਕ ਹਾਸਲ ਕਰਕੇ ਕਾਲਜ ਦਾ ਮਾਣ ਵਧਾਇਆ। ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਨੇ ਦੱਸਿਆ ਕਿ ਬੀਐਸੀ ਮੈਡੀਕਲ ਦੀਆਂ ਵਿਦਿਆਰਥਣਾਂ ਗੁਰਪ੍ਰੀਤ ਕੌਰ ਅਤੇ ਰਾਜਦੀਪ ਕੌਰ 8.40 ਐਸਜੀਪੀਏ ਨਾਲ ਯੂਨੀਵਰਸਿਟੀ ਵਿੱਚੋਂ ਮੈਰਿਟ,ਕਾਲਜ ਅਤੇ ਜਿਲੇ ਵਿੱਚੋਂ ਪਹਿਲਾਂ ਸਥਾਨ ਹਾਸਿਲ ਕੀਤਾ। ਬਲਜੀਤ ਸਿੰਘ ਨੇ 8.32 ਐਸਜੀਪੀਏ ਨਾਲ ਕਾਲਜ ਅਤੇ ਜਿਲੇ ਵਿੱਚੋਂ ਦੂਜਾ



ਸਥਾਨ, ਅਤੇ ਹਰਮਿੰਦਰ ਕੌਰ ਨੇ 8.20 ਐਸਜੀਪੀਏ ਨਾਲ ਕਾਲਜ ਅਤੇ ਜਿਲੇ ਵਿੱਚੋਂ ਤੀਜਾ ਸਥਾਨ ਹਾਸਿਲ ਕੀਤਾ। ਇਸ ਮੌਕੇ ਤੇ ਪ੍ਰਿੰਸੀਪਲ ਨੇ ਕਾਲਜ ਅਤੇ ਸਮੂਹ ਸਟਾਫ਼ ਨੂੰ ਮੁਬਾਰਕਾਂ ਦਿੱਤੀਆਂ ਤੇ ਭਵਿੱਖ ਵਿੱਚ ਇਹੋ ਜਿਹੇ ਸ਼ਾਨਦਾਰ ਨਤੀਜਿਆਂ ਦੀ ਆਸ ਵੀ ਪ੍ਰਗਟਾਈ। ਇਸ ਮੌਕੇ ਤੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਸਮੇਂ ਸਮੇਂ ਤੇ ਦਿੱਤੀ ਜਾਂਦੀ ਯੋਗ ਅਗਵਾਈ ਦੀ ਵੀ ਸ਼ਲਾਘਾ ਕੀਤੀ ਅਤੇ ਮਾਪਿਆਂ ਨੂੰ ਵੀ ਵਧਾਈ ਦਿੱਤੀ। ਇਸ ਮੌਕੇ ਤੇ ਕਾਲਜ ਮੈਨੇਜਮੈਂਟ ਦੇ ਜਨਰਲ ਸਕੱਤਰ ਸ. ਜਰਨੈਲ ਸਿੰਘ , ਡਾ. ਸੁਨਿਧੀ ਮਿਗਲਾਨੀ, ਡਾ. ਰਾਜੇਸ਼ ਸ਼ਰਮਾ, ਡਾ. ਜੋਤੀ ਪ੍ਰਕਾਸ਼,ਡਾ. ਕੁਮਾਰੀ ਸਿਖਾ, ਪ੍ਰੋ. ਤਜਿੰਦਰ ਸਿੰਘ, ਪ੍ਰੋ. ਮਨਪ੍ਰੀਤ ਕੌਰ ਹਾਜ਼ਰ ਸਨ।

# ਹਰਪ੍ਰੀਤ ਸਿੰਘ ਸਿੰਮਕ ਹਲਕਾ ਗਿੱਲ ਦੇ ਮੁੱਖ ਦਫਤਰ ਦਾ ਸੁਖਬੀਰ ਬਾਦਲ ਕਰਨਗੇ ਉਦਘਾਟਨ - ਡੱਲਾ,ਲੀਲ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** ਹਰਪ੍ਰੀਤ ਸਿੰਘ ਗੁਰੀ ਮਝੈਲ ਦੇ ਘਰ ਮੀਟਿੰਗ ਹੋਈ। ਜਿਸ 'ਚ ਹਾਜ਼ਰ ਹਰਪ੍ਰੀਤ ਸਿੰਘ ਸਿੰਮਕ ਹਲਕਾ ਇੰਚਾਰਜ ਗਿੱਲ ਸ਼੍ਰੋਮਣੀ ਅਕਾਲੀ ਦਲ ਲੁਧਿਆਣਾ ਦਿਹਾਤੀ ਦੇ ਪ੍ਰਧਾਨ ਚੰਦ ਸਿੰਘ ਡੱਲਾ, ਸ਼੍ਰੋਮਣੀ ਅਕਾਲੀ ਦਲ ਬੀ ਸੀ ਵਿੰਗ ਲੁਧਿਆਣਾ ਸ਼ਹਿਰੀ ਪ੍ਰਧਾਨ ਗੁਰਦੀਪ ਸਿੰਘ ਲੀਲ, ਸਰਕਲ ਜਥੇਦਾਰ ਰਘਬੀਰ ਸਿੰਘ ਗਰੇਵਾਲ ਥਰੀਕੇ, ਜਸਵਿੰਦਰ ਸਿੰਘ ਖੱਟੜ, ਮੈਡਮ ਡਾ ਨੀਲਮ, ਮੈਡਮ ਸੀਰਤ ਕੌਰ ਮਝੈਲ ਅਤੇ ਗੁਰਦੀਪ ਸਿੰਘ ਲੀਲ ਨੇ ਦੱਸਿਆ ਕਿ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਵਲੋਂ ਵਿਧਾਨ ਸਭਾ ਗਿੱਲ 'ਚ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਦਾ ਉਦਘਾਟਨ ਕੀਤਾ ਜਾ ਰਿਹਾ ਹੈ। ਵਧੇਰੇ ਜਾਣਕਾਰੀ ਦਿੰਦਿਆ ਸ਼੍ਰੋਮਣੀ ਅਕਾਲੀ ਦਲ ਹਲਕਾ ਗਿੱਲ ਦੇ ਇੰਚਾਰਜ ਸਾਬਕਾ ਜੱਜ ਹਰਪ੍ਰੀਤ ਸਿੰਘ ਸਿੰਮਕ ਨੇ ਦੱਸਿਆ ਕਿ ਵਿਧਾਨ ਸਭਾ ਹਲਕੇ ਨਾਲ ਸੰਬੰਧਿਤ ਹੋਣ



ਕਾਰਨ ਇਥੇ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਦੀ ਬਹੁਤ ਜਰੂਰਤ ਸੀ। ਅਸੀਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਇਸ ਵਿਸ਼ੇ 'ਤੇ ਗੱਲਬਾਤ ਕੀਤੀ। ਜਿਸ ਦੀ ਉਹਨਾਂ ਮਨਜ਼ੂਰੀ ਦੇ ਦਿੱਤੀ। ਜਿਸ ਦਾ ਸ਼ੁੱਭ ਆਰੰਭ ਕਰਕੇ 10 ਤਰੀਕ ਦਿਨ ਐਤਵਾਰ ਨੂੰ ਸ਼ਾਮ 4 ਵਜੇ ਮੁੱਖ ਦਫ਼ਤਰ ਫਿਰੋਜ਼ਪੁਰ ਹਾਈਵੇ, ਇੰਡੁਸਇੰਡ ਬੈਂਕ ਦੇ ਬਿਲਕੁਲ ਨਾਲ ਡੀ-ਮਾਰਟ ਦੇ ਨੇੜੇ ਲੁਧਿਆਣਾ ਵਿਖੇ ਲੋਕਾਂ ਦੀ ਸਹੂਲਤ ਅਤੇ ਪਾਰਟੀ ਦੀਆਂ ਗਤੀਵਿਧੀਆਂ ਲਈ ਦਫ਼ਤਰ ਖੋਲਣ ਜਾ ਰਹੇ ਹਾਂ। ਇਸ ਦਫ਼ਤਰ ਦਾ ਉਦਘਾਟਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਮਾਨਯੋਗ ਸੁਖਬੀਰ ਸਿੰਘ ਬਾਦਲ ਆਪਣੇ ਕਰ-ਕਮਲਾਂ ਨਾਲ ਕਰਨਗੇ। ਹਲਕਾ ਗਿੱਲ ਇੰਚਾਰਜ ਹਰਪ੍ਰੀਤ ਸਿੰਘ ਸਿੰਮਕ ਨੇ ਦੱਸਿਆ ਕਿ ਇਸ ਮੌਕੇ ਸਮੂਹ ਲੋਕਾਂ, ਅਕਾਲੀ ਵਰਕਰਾਂ ਸਮੇਤ ਸਮੁੱਚੀ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿੱਪ ਵੀ ਪਹੁੰਚ ਰਹੀ ਹੈ। ਆਓ ਸਾਰੇ ਪਾਰਟੀ ਸੁਪਰੀਮ ਸੁਖਬੀਰ ਸਿੰਘ ਬਾਦਲ ਅਤੇ ਆਲਾ ਲੀਡਰਸ਼ਿੱਪ ਦੇ ਵਡਮੁੱਲੇ ਵਿਚਾਰੇ ਜਰੂਰ ਸੁਣਨ ਲਈ ਪਹੁੰਚੀਏ। ਇਸ ਮੌਕੇ ਪ੍ਰਧਾਨ ਕਰਮਜੀਤ ਸਿੰਘ ਮਲਕਪੁਰ, ਸੋਨੀ ਪੰਡਿਤ ਪੀ.ਏ, ਪ੍ਰਧਾਨ ਕੁਲਦੀਪ ਸਿੰਘ ਸਲੇਮਪੁਰ, ਭੁਪਿੰਦਰ ਸਿੰਘ ਬਰਨਹਾੜਾ, ਕਮਲਜੀਤ ਸਿੰਘ ਸੇਖੋ ਵਾਰਨਹਾੜਾ ਅਤੇ ਹੋਰ ਅਕਾਲੀ ਵਰਕਾਰ ਵੀ ਮੌਜੂਦ ਸਨ।

# 15ਵਾਂ ਫੈਡਰੇਸ਼ਨ ਕੱਪ 12 ਅਤੇ 13 ਜੂਨ ਨੂੰ ਲੁਧਿਆਣਾ ਵਿਖੇ ਹੋਵੇਗਾ

**ਹੁਸ਼ਿਆਰਪੁਰ 10 ਮਈ ( ਤਰਸੇਮ ਦੀਵਾਨਾ )** - ਫੈਡਰੇਸ਼ਨ ਕੱਪ ਬਾਡੀ ਬਿਲਡਿੰਗ ਦਾ 15ਵਾਂ ਸੰਸਕਰਣ 12 ਅਤੇ 13 ਜੂਨ 2026 ਨੂੰ ਅੰਬੇਦਕਰ ਭਵਨ, ਲੁਧਿਆਣਾ ਵਿਖੇ ਬੜੇ ਹੀ ਸ਼ਾਨਦਾਰ ਅਤੇ ਵਿਸ਼ਾਲ ਪੱਧਰ 'ਤੇ ਕਰਵਾਇਆ ਜਾ ਰਿਹਾ ਹੈ। ਇਸ ਦੋ ਦਿਨਾਂ ਦੇ ਮਹੱਤਵਪੂਰਨ ਖੇਡ ਸਮਾਗਮ ਵਿੱਚ ਪੰਜਾਬ ਸਮੇਤ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਲਗਭਗ 400 ਬਾਡੀ ਬਿਲਡਰ, ਅਧਿਕਾਰੀ ਅਤੇ ਖੇਡ ਪ੍ਰੇਮੀ ਭਾਗ ਲੈਣਗੇ। ਸਾਬਕਾ ਮੈਂਬਰ ਪਾਰਲੀਮੈਂਟ ਅਤੇ ਪੈਰਾ ਓਲੰਪਿਕ ਗੇਮਜ਼ ਦੇ ਚੀਫ ਪੈਟਰਨ ਅਵਿਨਾਸ਼ ਰਾਏ ਖੰਨਾ ਨੇ ਕਿਹਾ ਕਿ ਨੌਜਵਾਨਾਂ ਨੂੰ ਵੱਧ ਤੋਂ ਵੱਧ ਖੇਡਾਂ ਨਾਲ ਜੁੜਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇ ਅੱਜ ਦਾ ਨੌਜਵਾਨ ਤੰਦਰੁਸਤ ਅਤੇ ਮਜ਼ਬੂਤ ਹੋਵੇਗਾ ਤਾਂ ਦੇਸ਼ ਵੀ ਮਜ਼ਬੂਤ ਅਤੇ ਤਰੱਕੀਸ਼ੀਲ ਬਣੇਗਾ।

ਵਰਲਡ ਚੈਂਪੀਅਨ ਅਤੇ ਮਿਸਟਰ ਯੂਨੀਵਰਸ ਬਾਡੀ ਬਿਲਡਿੰਗ ਪਦਮਸ਼੍ਰੀ ਪ੍ਰੇਮ ਚੰਦ ਡੇਗਰਾ ਨੇ ਦੱਸਿਆ ਕਿ ਇਸ ਟੂਰਨਾਮੈਂਟ ਦਾ ਮੁੱਖ ਉਦੇਸ਼ ਬਾਡੀ ਬਿਲਡਿੰਗ ਅਤੇ ਹੋਰ ਖੇਡਾਂ ਨੂੰ ਪ੍ਰੋਤਸਾਹਨ ਦੇਣਾ, ਨੌਜਵਾਨ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਉਚਿਤ ਮੰਚ ਪ੍ਰਦਾਨ ਕਰਨਾ ਅਤੇ ਖੇਡ ਭਾਵਨਾ ਰਾਹੀਂ ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰਨਾ ਹੈ।

ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਫੈਡਰੇਸ਼ਨ ਕੱਪ ਵਿੱਚ ਹਿੱਸਾ ਲੈਣ ਵਾਲੇ ਪੰਜਾਬ ਦੇ ਖਿਡਾਰੀਆਂ ਦੀ ਚੋਣ 17 ਮਈ 2026 ਦਿਨ ਐਤਵਾਰ ਨੂੰ ਔਰਾ ਜਿਮ, ਸੈਕਟਰ-32, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਕੀਤੀ ਜਾਵੇਗੀ। ਉਨ੍ਹਾਂ ਨੇ ਖੇਡ ਪ੍ਰੇਮੀਆਂ ਅਤੇ ਇੱਛੁਕ ਖਿਡਾਰੀਆਂ ਨੂੰ ਅਪੀਲ ਕੀਤੀ ਕਿ ਉਹ 17 ਮਈ ਨੂੰ ਪਹੁੰਚ ਕੇ




ਆਪਣੀ ਚੋਣ ਯਕੀਨੀ ਬਣਾਉਣ। ਡਾ. ਮੁਹੰਮਦ ਜਮੀਲ ਵਾਲੀ ਨੇ ਕਿਹਾ ਕਿ ਖੇਡਾਂ ਦਾ ਸਭ ਤੋਂ ਵੱਡਾ ਮਕਸਦ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣਾ ਹੈ। ਉਨ੍ਹਾਂ ਕਿਹਾ ਕਿ ਜੋ ਨੌਜਵਾਨ ਖੇਡਾਂ ਵਿੱਚ ਭਾਗ ਲੈਂਦੇ ਹਨ, ਉਹ ਹਮੇਸ਼ਾ ਤੰਦਰੁਸਤ ਰਹਿੰਦੇ ਹਨ ਅਤੇ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰਹਿੰਦੇ ਹਨ।

ਆਯੋਜਕਾਂ ਵੱਲੋਂ ਦੱਸਿਆ ਗਿਆ ਕਿ ਸਮਾਗਮ ਦੀਆਂ ਸਾਰੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ ਅਤੇ ਖਿਡਾਰੀਆਂ ਤੇ ਮਹਿਮਾਨਾਂ ਲਈ ਉੱਚ ਪੱਧਰੀ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਸਮੂਹ ਖੇਡ ਪ੍ਰੇਮੀਆਂ ਨੂੰ ਵੱਡੀ ਗਿਣਤੀ ਵਿੱਚ ਪਹੁੰਚ ਕੇ ਖਿਡਾਰੀਆਂ ਦਾ ਹੌਸਲਾ ਵਧਾਉਣ ਦੀ ਅਪੀਲ ਕੀਤੀ। ਇਸ ਮੌਕੇ ਮਦਨ ਲਾਲ ਮਹਾਜਨ, ਇਕਬਾਲ ਸਿੰਘ, ਜਸਵਿੰਦਰ ਸਿੰਘ, ਈਸ਼ਾਨ ਸੂਦ ਆਦਿ ਮੌਜੂਦ ਸਨ।

ਫੋਟੋ ਅਜਮੇਰ ਦੀਵਾਨਾ

# ਸ਼੍ਰੋਮਣੀ ਅਕਾਲੀ ਦਲ ਦੇ ਰਾਜ ਵਿੱਚ ਹੋਇਆ ਵਿਕਾਸ ਲੋਕ ਅੱਜ ਵੀ ਕਰਦੇ ਨੇ ਯਾਦ: ਲਾਲੀ, ਤਲਵਾੜ

## ਪ੍ਰਿਤਪਾਲ ਕੌਰ ਲਾਂਬਾ ਵਾਰਡ ਨੰਬਰ 29 ਦੀ ਮਹਿਲਾ ਪ੍ਰਧਾਨ ਨਿਯੁਕਤ

**ਹੁਸ਼ਿਆਰਪੁਰ 10 ਮਈ ( ਤਰਸੇਮ ਦੀਵਾਨਾ ) –** ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੌਰਾਨ ਹੋਏ ਵਿਕਾਸ ਕਾਰਜ ਅਤੇ ਲੋਕ ਸਹੂਲਤਾਂ ਦੀ ਮਿਸਾਲ ਅੱਜ ਵੀ ਦਿੱਤੀ ਜਾਂਦੀ ਹੈ, ਜਿਸ ਦੀ ਬਰਾਬਰੀ ਕੋਈ ਹੋਰ ਸਰਕਾਰ ਨਹੀਂ ਕਰ ਸਕੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਲਾਲੀ ਬਾਜਵਾ ਨੇ ਵਾਰਡ ਨੰਬਰ 29 ਵਿਖੇ ਸ਼੍ਰੀਮਤੀ ਪ੍ਰਿਤਪਾਲ ਕੌਰ ਲਾਂਬਾ ਨੂੰ ਵਾਰਡ ਦੀ ਮਹਿਲਾ ਪ੍ਰਧਾਨ ਨਿਯੁਕਤ ਕਰਨ ਮੌਕੇ ਰੱਖੇ ਗਏ ਪ੍ਰੋਗਰਾਮ ਦੌਰਾਨ ਕੀਤਾ।

ਇਸ ਮੌਕੇ ਹਲਕਾ ਇੰਚਾਰਜ ਸੰਜੀਵ ਤਲਵਾੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਵਾਰਡ ਨੰਬਰ 29 ਦੀ ਪ੍ਰਮੁੱਖ '40 ਫੁੱਟੀ ਸੜਕ' ਸ਼੍ਰੋਮਣੀ ਅਕਾਲੀ ਦਲ ਦੇ ਰਾਜ ਦੌਰਾਨ ਹੀ ਬਣੀ ਸੀ। ਉਨ੍ਹਾਂ ਦੱਸਿਆ ਕਿ ਉਸ ਸਮੇਂ ਇਸ ਸੜਕ 'ਤੇ 73 ਲੱਖ ਰੁਪਏ ਖਰਚ ਕੀਤੇ ਗਏ ਸਨ ਅਤੇ ਇਹ ਵਿਕਾਸ ਕਾਰਜ ਅਕਾਲੀ ਦਲ ਦੇ ਕੌਂਸਲਰ ਸੰਤੋਖ ਸਿੰਘ ਔਜਲਾ ਦੀ ਦੇਖ-ਰੇਖ ਹੇਠ



ਹੋਇਆ ਸੀ। ਤਲਵਾੜ ਨੇ ਮੌਜੂਦਾ ਹਾਲਾਤ 'ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਉਸ ਤੋਂ ਬਾਅਦ ਇਲਾਕੇ ਦੀਆਂ ਸੜਕਾਂ ਦੀ ਜੋ ਮਾੜੀ ਹਾਲਤ ਹੋਈ ਹੈ, ਉਹ ਸਭ ਦੇ ਸਾਹਮਣੇ ਹੈ। ਉਹਨਾਂ ਸਮਾਗਮ ਨੂੰ ਸੰਬੋਧਿਨ ਕਰਦਿਆਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਪਿਛੜ ਚੁੱਕੇ ਵਾਰਡਾਂ ਨੂੰ ਮੁੜ ਵਿਕਾਸ ਦੀ ਲੀਹ 'ਤੇ ਲਿਆਂਦਾ ਜਾਵੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਅਕਾਲੀ ਦਲ ਨਾਲ ਮੋਢੇ ਨਾਲ ਮੋਢਾ ਮਿਲਾ ਕੇ ਚੱਲਣ ਤਾਂ ਜੋ ਇਲਾਕੇ ਦਾ ਸਰਵਪੱਖੀ ਵਿਕਾਸ ਹੋ ਸਕੇ। ਇਸ ਮੌਕੇ ਮਹਿਲਾ ਨੇਤਰੀ ਨੀਤੀ ਤਲਵਾਰ, ਅਤੇ ਸੰਜੀਵ ਥਾਪਰ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਦਾ ਅਹਿਦ ਲਿਆ।

**ਫੋਟੋ ਅਜਮੇਰ ਦੀਵਾਨਾ**

# ਬੱਚਾ ਆਪਣੀ ਮਾਂ ਦੇ ਪਿਆਰ ਅਤੇ ਕੁਰਬਾਨੀ ਦਾ ਦੇਣ ਸੱਤ ਜਨਮ ਨਹੀਂ ਦੇ ਸਕਦਾ : ਡਾ. ਅਸ਼ੀਸ਼ ਸਰੀਨ

**ਹੁਸ਼ਿਆਰਪੁਰ 10 ਮਈ (ਤਰਸੇਮ ਦੀਵਾਨਾ ) –** ਮਾਂ ਦੀ ਮਹਾਨਤਾ ਅਤੇ ਬੱਚਿਆਂ ਦੀ ਜ਼ਿੰਦਗੀ ਵਿੱਚ ਮਾਂ ਦੇ ਸਥਾਨ ਬਾਰੇ ਗੱਲ ਕਰਦਿਆਂ "ਹਿਜ਼ ਐਕਸੀਲੈਂਟ ਇਸਟੀਚਿਊਟ" ਅਤੇ "ਸੇਂਟ ਕਬੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਚੱਗਰਾ" ਹੁਸ਼ਿਆਰਪੁਰ ਦੇ ਐਮ ਡੀ ਡਾਂ. ਆਸ਼ੀਸ਼ ਸਰੀਨ ਨੇ ਕਿਹਾ ਕਿ ਮਾਂ ਰੱਬ ਦਾ ਉਹ ਰੂਪ ਹੈ ਜਿਸ ਦਾ ਦੇਣ ਕੋਈ ਵੀ ਬੱਚਾ ਸਾਰੀ ਉਮਰ ਨਹੀਂ ਦੇ ਸਕਦਾ ਅਤੇ ਮਾਂ ਤੋਂ ਬਿਨਾਂ ਸਾਰੀ ਦੁਨੀਆ ਅਧੂਰੀ ਹੈ । ਉਹਨਾਂ ਕਿਹਾ ਕਿ ਇੱਕ ਮਾਂ ਆਪਣੇ ਬੱਚੇ ਦੇ ਪਾਲਣ-ਪੋਸ਼ਣ ਲਈ ਆਪਣੀਆਂ ਸਾਰੀਆਂ ਖੁਸ਼ੀਆਂ ਕੁਰਬਾਨ ਕਰ ਦਿੰਦੀ ਹੈ। ਬੱਚਾ ਭਾਵੇਂ ਕਿੰਨਾ ਵੀ ਵੱਡਾ ਕਿਉਂ ਨਾ ਹੋ ਜਾਵੇ, ਮਾਂ ਦੀਆਂ ਅਸੀਸਾਂ ਉਸ ਲਈ ਹਮੇਸ਼ਾ ਇੱਕ ਢਾਲ ਵਾਂਗ ਕੰਮ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਜਿਸ ਘਰ ਵਿੱਚ ਮਾਂ ਦਾ ਸਤਿਕਾਰ ਹੁੰਦਾ ਹੈ, ਉੱਥੇ ਹਮੇਸ਼ਾ ਬਰਕਤ ਰਹਿੰਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਅੱਜ ਦੇ ਦੌਰ ਵਿੱਚ ਸਾਨੂੰ ਆਪਣੇ ਮਾਪਿਆਂ, ਖਾਸ ਕਰਕੇ ਮਾਂ ਦੀ ਮਹੱਤਤਾ ਨੂੰ ਸਮਝਣਾ ਚਾਹੀਦਾ ਹੈ ਕਿਉਂਕਿ ਮਾਂ ਸਿਰਫ਼ ਇੱਕ ਰਿਸ਼ਤਾ ਨਹੀਂ, ਸਗੋਂ ਮਮਤਾ ਅਤੇ ਨਿਰਸਵਾਰਥ ਪਿਆਰ ਦਾ ਉਹ ਸਮੁੰਦਰ ਹੈ, ਜਿਸ ਦੀ ਗਹਿਰਾਈ ਨੂੰ ਮਾਪਿਆ ਨਹੀਂ ਜਾ ਸਕਦਾ। ਉਹਨਾਂ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਮਾਂ ਦੀ ਸੇਵਾ ਕਰਨ ਅਤੇ ਉਨ੍ਹਾਂ ਦੇ ਚਿਹਰੇ 'ਤੇ ਹਮੇਸ਼ਾ ਮੁਸਕਰਾਹਟ ਬਣਾਈ ਰੱਖਣ, ਕਿਉਂਕਿ ਮਾਂ ਦੀ ਖੁਸ਼ੀ ਵਿੱਚ ਹੀ ਰੱਬ ਦੀ ਰਜ਼ਾ ਹੁੰਦੀ ਹੈ। ਉਹਨਾਂ ਕਿਹਾ ਕਿ ਪ੍ਰਮਾਤਮਾ ਹਰ ਜਗ੍ਹਾ ਮੌਜੂਦ ਨਹੀਂ ਰਹਿ ਸਕਦਾ ਸੀ, ਇਸ ਲਈ ਉਸਨੇ ਮਾਂ'ਨੂੰ ਬਣਾਇਆ ਕਿਉਂਕਿ ਮਾਂ ਦੀ ਮਮਤਾ ਦੁਨੀਆ ਦਾ ਉਹ ਇਕਲੌਤਾ ਰਿਸ਼ਤਾ ਹੈ ਜਿਸ ਵਿੱਚ ਕੋਈ ਸਵਾਰਥ ਨਹੀਂ ਹੁੰਦਾ। ਇੱਕ ਮਾਂ ਆਪਣੇ ਬੱਚੇ ਦੀ ਮੁਸਕਰਾਹਟ ਲਈ



ਆਪਣੀ ਪੂਰੀ ਜ਼ਿੰਦਗੀ ਅਤੇ ਖੁਸ਼ੀਆਂ ਕੁਰਬਾਨ ਕਰ ਦਿੰਦੀ ਹੈ। ਚਾਹੇ ਬੱਚਾ ਛੋਟਾ ਹੋਵੇ ਜਾਂ ਵੱਡਾ, ਮਾਂ ਦੀਆਂ ਅੱਖਾਂ ਵਿੱਚ ਉਸ ਲਈ ਪਿਆਰ ਹਮੇਸ਼ਾ ਇੱਕੋ ਜਿਹਾ ਰਹਿੰਦਾ ਹੈ। ਉਹਨਾਂ ਕਿਹਾ ਕਿ ਜਦੋਂ ਵੀ ਬੱਚੇ 'ਤੇ ਕੋਈ ਮੁਸੀਬਤ ਆਉਂਦੀ ਹੈ, ਤਾਂ ਸਭ ਤੋਂ ਪਹਿਲਾਂ ਮਾਂ ਹੀ ਉਸਦੇ ਅੱਗੇ ਢਾਲ ਬਣ ਕੇ ਖੜ੍ਹਦੀ ਹੈ। ਉਹਨਾਂ ਕਿਹਾ ਕਿ ਮਾਂ ਰਾਤਾਂ ਨੂੰ ਜਾਗ ਜਾਗ ਕੇ ਆਪਣੇ ਬੱਚੇ ਦੀ ਹਰ ਮੁਸ਼ਕਿਲ ਨੂੰ ਆਪ ਜਰਦੀ ਹੈ ਤੇ ਬੱਚੇ ਦੀਆਂ ਗਲਤੀਆਂ ਨੂੰ ਮਾਫ਼ ਕਰਕੇ ਉਸਨੂੰ ਸਹੀ ਰਾਹ ਦਿਖਾਉਦੀ ਹੈ ਅਤੇ ਮਾਂ ਹਰ ਮੋੜ 'ਤੇ ਬੱਚੇ ਲਈ ਇੱਕ ਸੱਚੀ ਮਾਰਗਦਰਸ਼ਕ ਸਾਬਤ ਹੁੰਦੀ ਹੈ। ਉਹਨਾਂ ਕਿਹਾ ਕਿ ਮਾਂ ਦੇ ਪੈਰਾਂ ਹੇਠ ਜੰਨਤ ਹੁੰਦੀ ਹੈ, ਅਤੇ ਉਸਦੀਆਂ ਅਸੀਸਾਂ ਵਿੱਚ ਉਹ ਤਾਕਤ ਹੈ ਜੋ ਬਦਲਦੀਆਂ ਤਕਦੀਰਾਂ ਨੂੰ ਵੀ ਮੋੜ ਸਕਦੀ ਹੈ ! ਉਹਨਾਂ ਕਿਹਾ ਕਿ ਮਾਂ ਇੱਕ ਅਜਿਹਾ ਸਮੁੰਦਰ ਹੈ ਜਿਸਦਾ ਕੋਈ ਕਿਨਾਰਾ ਨਹੀਂ। ਉਹਨਾਂ ਕਿਹਾ ਕਿ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੀ ਮਾਂ ਦੀਆਂ ਅੱਖਾਂ ਵਿੱਚ ਕਦੇ ਵੀ ਹੰਝੂ ਨਾ ਆਉਣ ਦੇਈਏ ਅਤੇ ਉਸਦੇ ਬੁਢਾਪੇ ਦੀ ਮਜ਼ਬੂਤ ਲਾਠੀ ਬਣੀਏ।

# ਇੰਟਰਨੈਟ ਅਤੇ ਮੋਬਾਇਲ ਨੇ ਸਾਨੂੰ ਦੁਨੀਆ ਨਾਲ ਤਾਂ ਜੋੜ ਦਿੱਤਾ ਪਰ ਆਪਣੇ ਪ੍ਰੀਵਾਰ ਤੋਂ ਕੋਹਾਂ ਦੂਰ ਕਰ ਦਿੱਤਾ : ਡਾ. ਐਮ ਜਮੀਲ ਬਾਲੀ

**ਹੁਸ਼ਿਆਰਪੁਰ 10 ਮਈ ( ਤਰਸੇਮ ਦੀਵਾਨਾ ) –** ਅੱਜ ਤੋਂ ਲੱਗਭਗ ਅੱਧੀ ਸਦੀ ਪਹਿਲਾਂ ਦਾ ਉਹ ਸੁਨਹਿਰੀ ਦੌਰ ਸੀ ਜਿਸ ਨੂੰ ਅੱਜ ਦੀ ਪੀੜ੍ਹੀ ਸਿਰਫ਼ ਕਿੱਸਿਆਂ-ਕਹਾਣੀਆਂ ਵਿੱਚ ਸੁਣਦੀ ਹੈ, ਅਸਲ ਵਿੱਚ ਲੱਗਭਗ 5 ਕੁ ਦਹਾਕੇ ਪਹਿਲਾਂ ਮਨੁੱਖੀ ਕਦਰਾਂ-ਕੀਮਤਾਂ ਦਾ ਸਿਖਰ ਸੀ। ਭਾਵੇਂ ਉਸ ਸਮੇਂ ਅੱਜ ਵਰਗੀਆਂ ਆਧੁਨਿਕ ਸਹੂਲਤਾਂ, ਤੇਜ਼ ਰਫ਼ਤਾਰ ਇੰਟਰਨੈੱਟ ਜਾਂ ਮਹਿੰਗੇ ਮੋਬਾਈਲ ਫ਼ੋਨ ਨਹੀਂ ਸਨ, ਪਰ ਲੋਕਾਂ ਦੇ ਦਿਲਾਂ ਵਿੱਚ ਇੱਕ-ਦੂਜੇ ਲਈ ਬੇਅੰਤ ਮੁਹੱਬਤ ਅਤੇ ਸਤਿਕਾਰ ਸੀ। ਉਸ ਸਮੇਂ ਦਾ ਮਹੌਲ ਅੱਜ ਦੇ "ਡਿਜੀਟਲ ਇਕਾਂਤ" ਤੋਂ ਬਿਲਕੁਲ ਉਲਟ ਸੀ ! ਇਹਨਾ ਗੱਲਾਂ ਦਾ ਪ੍ਰਗਟਾਵਾ ਬਾਲੀ ਹਸਪਤਾਲ ਦੇ ਐਮਡੀ ਅਤੇ ਉੱਘੇ ਸਮਾਜ ਸੇਵਕ ਡਾਕਟਰ ਐਮ ਜਮੀਲ ਬਾਲੀ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ।



! ਉਹਨਾਂ ਕਿਹਾ ਕਿ ਪਿੰਡਾਂ ਅਤੇ ਮੁਹੱਲਿਆਂ ਵਿੱਚ ਕੋਈ ਵੀ ਖ਼ੁਸ਼ੀ ਜਾਂ ਗ਼ਮੀ ਸਿਰਫ਼ ਇੱਕ ਪਰਿਵਾਰ ਦੀ ਨਹੀਂ, ਸਗੋਂ ਪੂਰੇ ਪਿੰਡ ਦੀ ਹੁੰਦੀ ਸੀ ਉਹਨਾ ਕਿਹਾ ਕਿ ਲੋਕ ਇੱਕ-ਦੂਜੇ ਦੇ ਘਰ ਬਿਨਾਂ ਦੱਸੇ ਚਲੇ ਜਾਂਦੇ ਸਨ। ਚਾਹ ਦੀ ਪਿਆਲੀ 'ਤੇ ਘੰਟਿਆਂ ਬੱਧੀ ਹੋਣ ਵਾਲੀਆਂ ਗੱਲਾਂ ਵਿੱਚ ਕੋਈ ਸੁਆਰਥ ਨਹੀਂ, ਸਗੋਂ ਆਪਣਾਪਨ ਹੁੰਦਾ ਸੀ। ਉਹਨਾਂ ਕਿਹਾ ਕਿ ਲੱਗਭਗ 50 ਸਾਲ ਪਹਿਲਾਂ "ਬੰਦਾ ਬੰਦੇ ਦੀ ਕਦਰ" ਕਰਦਾ ਸੀ। ਅੱਜ ਦੇ ਸਮੇਂ ਵਾਂਗ ਕਿਸੇ ਦੀ ਹੈਸੀਅਤ ਉਸਦੀ ਗੱਡੀ ਜਾਂ ਬੈਂਕ ਬੈਲੇਂਸ ਤੋਂ ਨਹੀਂ, ਸਗੋਂ ਉਸਦੇ ਕਿਰਦਾਰ ਅਤੇ ਜ਼ੁਬਾਨ ਤੋਂ ਮਾਪੀ ਜਾਂਦੀ ਸੀ ਅਤੇ ਉਸ ਸਮੇਂ ਹੱਥਾਂ ਵਿੱਚ ਮੋਬਾਈਲ ਨਹੀਂ ਸਨ, ਪਰ ਹੱਥਾਂ ਵਿੱਚ ਹੱਥ ਫੜ ਕੇ ਸਾਥ ਨਿਭਾਉਣ ਦਾ ਜਜ਼ਬਾ ਜ਼ਰੂਰ ਹੁੰਦਾ ਸੀ ! ਉਹਨਾਂ ਕਿਹਾ ਕਿ ਮਾਹਿਰਾਂ ਅਤੇ ਬਜ਼ੁਰਗਾਂ ਦਾ ਮੰਨਣਾ ਹੈ ਕਿ ਵੱਧਦੀ ਭੌਤਿਕਵਾਦੀ ਸੋਚ ਨੇ ਸਾਡੇ ਅੰਦਰੋਂ ਸਬਰ ਖ਼ਤਮ ਕਰ ਦਿੱਤਾ ਹੈ ! ਉਹਨਾ ਕਿਹਾ ਕਿ ਅਸੀਂ ਦੁਨੀਆ ਭਰ ਨਾਲ ਤਾਂ ਜੁੜ ਗਏ, ਪਰ ਆਪਣੇ ਪ੍ਰੀਵਾਰ ਅਤੇ ਗੁਆਂਢੀਆ ਤੋਂ ਦੂਰ ਹੋ ਗਏ। ਉਹਨਾਂ ਕਿਹਾ ਕਿ ਪਹਿਲਾਂ ਵਕਤ ਬਹੁਤ ਹੁੰਦਾ ਸੀ, ਹੁਣ ਕਿਸੇ ਕੋਲ 'ਸਮਾਂ ਨਹੀਂ ਹੈ ! ਉਹਨਾ ਕਿਹਾ ਕਿ ਰਿਸ਼ਤਿਆਂ ਦੀ ਥਾਂ ਪੈਸੇ ਅਤੇ ਸਹੂਲਤਾਂ ਨੇ ਲੈ ਲਈ ਹੈ। ਉਹਨਾ ਕਿਹਾ ਕਿ ਬੇਸ਼ੱਕ ਅਸੀਂ ਵਿਗਿਆਨਕ ਤੌਰ 'ਤੇ ਬਹੁਤ ਤਰੱਕੀ ਕਰ ਲਈ ਹੈ, ਪਰ ਉਹ 50 ਸਾਲ ਪਹਿਲਾਂ ਵਾਲਾ ਸਕੂਨ" ਅੱਜ ਵੀ ਕਿਤੇ ਨਾ ਕਿਤੇ ਸਾਡੀਆਂ ਯਾਦਾਂ ਦਾ ਹਿੱਸਾ ਹੈ। ਜੇਕਰ ਅਸੀਂ ਅੱਜ ਵੀ ਚਾਹੀਏ, ਤਾਂ ਇੱਕ-ਦੂਜੇ ਨੂੰ ਵਕਤ ਦੇ ਕੇ ਅਤੇ ਮਨੁੱਖਤਾ ਦੀ ਕਦਰ ਕਰਕੇ ਉਸ ਮਹੌਲ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕਰ ਸਕਦੇ ਹਾਂ।

# ਪੰਜਾਬ ਨਾਨ ਗਜ਼ਟਿਡ ਫਾਰੈਸਟ ਆਫ਼ੀਸਰਜ਼ ਯੂਨੀਅਨ (ਰਜ਼ਿ 42)

## ਸੂਬਾ ਕਮੇਟੀ ਦੀ ਹੋਈ ਪ੍ਰਧਾਨ ਮੁੱਖ ਵਣ ਪਾਲ ਜੀ ਨਾਲ ਮੁੱਖ ਮੰਗਾਂ ਨੂੰ ਲੈ ਕੇ ਅਹਿਮ ਮੀਟਿੰਗ ਹੋਈ

**ਨਵਾਂਸ਼ਹਿਰ 10 ਮਈ (ਜਤਿੰਦਰ ਪਾਲ ਸਿੰਘ ਕਲੇਰ )** ਸੂਬਾ ਕਮੇਟੀ ਦੀ ਮੀਟਿੰਗ ਪ੍ਰਧਾਨ ਮੁੱਖ ਵਣ ਪਾਲ ਜੀ ਨਾਲ ਉਹਨਾਂ ਵੱਲੋਂ ਜਥੇਬੰਦੀ ਨੂੰ ਦਿੱਤੇ ਸਮੇਂ ਅਨੁਸਾਰ ਆਪਣੀਆਂ ਮੰਗਾਂ ਨੂੰ ਲੈ ਕੇ ਅਹਿਮ ਮੀਟਿੰਗ ਹੋਈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਮੋਹਨ ਸਿੰਘ ਸੈਣੀ ਬਲਾਕ ਅਫਸਰ ਰੇਂਜ ਕਾਠਗੜ੍ਹ ਨੇ ਦੱਸਿਆ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੀਟਿੰਗ ਵਿੱਚ ਵੱਖ ਵੱਖ ਮੰਗਾਂ ਨੂੰ ਲੈ ਕੇ ਵੱਖ ਵੱਖ ਏਜੰਡੇ ਵਿਚਾਰੇ ਗਏ ਜਿਨ੍ਹਾਂ ਵਿੱਚ ਵਣ ਵਿਕਾਸ ਨਿਗਮ ਕਾਰਪੋਰੇਸ਼ਨ ਦਾ ਵਿਭਾਗੀ ਕੋਟਾ ਪੂਰਾ ਕਰਨ ਸੰਬੰਧੀ ਸਰਕਾਰ ਲੈਵਲ ਤੇ ਪ੍ਰਧਾਨ ਮੁੱਖ ਵਣ ਪਾਲ ਜੀ ਪਾਸੋਂ ਭੇਜੀਆਂ ਗਈਆਂ ਸ਼ਿਫਾਰਸਾਂ ਸਬੰਧੀ ਫ਼ੀਲਡ ਦੇ ਕੰਮਾਂ ਵਿੱਚ ਸ਼ਡਿਊਲ ਰੇਟਾਂ ਨੂੰ ਲੇਬਰ ਦੇ ਕੰਮ ਕਰਨ ਦੀ ਸਮਰੱਥਾ ਅਤੇ ਇਲਾਕੇ ਦੀ ਭੂਗੋਲਿਕ ਸਥਿਤੀ ਅਨੁਸਾਰ ਰਿਵਾਈਜ਼ ਕਰਨ ਬਾਰੇ।ਸ਼ਡਿਊਲ ਆਫ਼ ਕੰਪਨਸੇਸ਼ਨ ਰੇਟਸ 2025 ਨੂੰ ਰਿਵਾਇਜ਼ ਕਰਨ ਸੰਬੰਧੀ।ਸੁੱਕੇ ਖੜੇ /ਡਿੱਗੇ ਰੁੱਖਾਂ ਦੀਆਂ ਮਾਰਕਿੰਗ ਲਿਸਟਾਂ



ਦਾ ਸਮਾਂਬੱਧ ਨਿਪਟਾਰਾ ਕਰਨ ਸਬੰਧੀ।ਫ਼ੀਲਡ ਅਮਲੇ ਦੀ ਲਗਦੀ ਵਿਭਾਗੀ ਕੰਮਾਂ ਤੋਂ ਬਿਨਾਂ ਡਿਊਟੀ ਬਾਰੇ।ਇਸ ਤੋਂ ਇਲਾਵਾ ਵਿਭਾਗ ਦੀ ਬੇਹਤਰੀ ਲਈ ਜਥੇਬੰਦੀ ਦੇ ਸਾਥੀਆਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਪ੍ਰਧਾਨ ਮੁੱਖ ਵਣ ਪਾਲ ਜੀ ਵੱਲੋਂ ਜੋ ਪੰਜਾਬ ਵਿੱਚ ਦੌਰੇ ਕੀਤੇ ਜਾ ਰਹੇ ਨੇ ਉਸ ਬਾਰੇ ਆਪਣਾ ਤਜ਼ੁਰਬਾ ਸਾਂਝਾ ਕੀਤਾ। ਅਤੇ ਫਾਰੈਸਟਰੀ ਦੇ ਕੰਮਾਂ ਬਾਰੇ ਸਾਥੀਆਂ ਨੂੰ ਪ੍ਰੇਰਿਤ ਕੀਤਾ ਤੇ ਚੰਗਾ ਕੰਮ ਕਰਨ ਵਾਲਿਆਂ ਦੀ ਸ਼ਲਾਘਾ ਕੀਤੀ। ਮੀਟਿੰਗ ਬੜੇ ਵਧੀਆ ਮਾਹੌਲ ਵਿੱਚ ਸਮਾਪਤ ਹੋਈ ਇਸ ਮੌਕੇ ਜਗਦੀਪ ਸਿੰਘ ਕੁੰਭੜਾ ਪ੍ਰਧਾਨ ਆਲ ਇੰਡੀਆ ਫਾਰੈਸਟ ਐਸੋਸ਼ੀਏਸ਼ਨ ,ਗੁਰਮੋਹਨ ਸਿੰਘ ਸੀਨੀ. ਮੀਤ ਪ੍ਰਧਾਨ, ਕੁਲਵਿੰਦਰ ਸਿੰਘ ਰੰਧਾਵਾ ਮੀਤ ਪ੍ਰਧਾਨ, ਅਮਨਦੀਪ ਬੱਬੇਹਾਲੀ ਮੀਤ ਪ੍ਰਧਾਨ, ਜਗਦੀਪ ਸਿੰਘ ਫੌਜੀ ਸਹਾਇਕ ਸਕੱਤਰ, ਧੀਰਜ ਕੁਮਾਰ ਸ਼ਰਮਾਂ ਜਥੇਬੰਦਕ ਸਕੱਤਰ, ਗੁਰਪ੍ਰੀਤ ਸਿੰਘ ਮਲੋਟ ਪ੍ਰੈਸ ਸਕੱਤਰ, ਕੁਲਦੀਪ ਸਿੰਘ ਸੰਧੂ ਪ੍ਰਚਾਰ ਸਕੱਤਰ, ਪ੍ਰਦੀਪ ਸਿੰਘ ਆਡੀਟਰ, ਪਲਵਿੰਦਰ ਕੌਰ ਸੂਬਾ ਸਪੈਸ਼ਲ ਮੈਂਬਰ,ਜਸਵੀਰ ਸਿੰਘ ਗੁਲਾੜੀ ਸੰਗਰੂਰ ਮੰਡਲ,ਦੀਪਕ ਜਲੰਧਰ ਮੰਡਲ, ਸੰਦੀਪ ਜੰਗਲੀ ਜੀਵ ਮੰਡਲ ਪਠਾਨਕੋਟ, ਵਿਕਰਮਜੀਤ ਸਿੰਘ ਜੰਗਲੀ ਜੀਵ ਮੰਡਲ ਫਿਲੌਰ, ਭੂਸ਼ਣ ਬਠਿੰਡਾ, ਗੁਰਮੇਲ ਧਨੌਲਾ, ਅਮਰਿੰਦਰ ਸਿੰਘ ਨਾਭਾ ਤੇ ਰੂਪ ਸਿੰਘ ਸੰਗਰੂਰ ਮੰਡਲ ਆਦਿ ਸਾਥੀ ਵੱਡੀ ਗਿਣਤੀ ਵਿੱਚ ਹਾਜ਼ਿਰ ਹੋਏ।

# “ਇਤਿਹਾਸ ਦੇ ਧੜਕਦੇ ਅੱਖਰਾਂ ਦਾ ਸਾਧਕ—ਡਾ. ਹਰਜਿੰਦਰ ਸਿੰਘ ਦਿਲਗੀਰ”

ਸਾਹਿਤ ਦੇ ਅਸਮਾਨ ‘ਚ ਕੁਝ ਤਾਰੇ ਸਿਰਫ਼ ਚਮਕਦੇ ਨਹੀਂ, ਉਹ ਦਿਸ਼ਾ ਵੀ ਦਿੰਦੇ ਹਨ। ਉਹਨਾਂ ਦੀ ਰੌਸ਼ਨੀ ਸਿਰਫ਼ ਅੱਖਾਂ ਨੂੰ ਨਹੀਂ, ਮਨ ਨੂੰ ਵੀ ਰੋਸ਼ਨ ਕਰਦੀ ਹੈ। ਡਾ. ਹਰਜਿੰਦਰ ਸਿੰਘ ਦਿਲਗੀਰ ਅਜਿਹਾ ਹੀ ਇੱਕ ਨਾਮ ਹੈ—ਇੱਕ ਸੋਚ, ਇੱਕ ਸੰਕਲਪ, ਇੱਕ ਅਡਿੱਗ ਧਾਰਾ—ਜੋ ਇਤਿਹਾਸ ਨੂੰ ਸਿਰਫ਼ ਲਿਖਦਾ ਨਹੀਂ, ਉਸਨੂੰ ਜਗਾਉਂਦਾ ਵੀ ਹੈ। ਉਹਨਾਂ ਦੀ ਕਲਮ ਕਿਸੇ ਆਮ ਲੇਖਕ ਦੀ ਕਲਮ ਨਹੀਂ, ਇਹ ਇੱਕ ਸਿਪਾਹੀ ਦੀ ਤਲਵਾਰ ਵਰਗੀ ਹੈ—ਤਿੱਖੀ, ਸੱਚੀ ਤੇ ਬੇਖ਼ੌਫ਼। ਜਿਵੇਂ ਸਵੇਰ ਦੀ ਪਹਿਲੀ ਕਿਰਣ ਹਨੇਰੇ ਨੂੰ ਚੀਰ ਕੇ ਰਾਹ ਬਣਾਉਂਦੀ ਹੈ, ਓਸੇ ਤਰ੍ਹਾਂ ਦਿਲਗੀਰ ਸਾਹਿਬ ਦੀ ਲਿਖਤ ਝੂਠ ਦੇ ਪੜਦੇ ਹਟਾ ਕੇ ਸੱਚ ਦੀ ਅਵਾਜ਼ ਬਣਦੀ ਹੈ। ਉਹਨਾਂ ਦੇ ਅੱਖਰ ਕਾਗਜ਼ ‘ਤੇ ਨਹੀਂ, ਸਮੇਂ ਦੀ ਛਾਤੀ ‘ਤੇ ਲਿਖੇ ਲੱਗਦੇ ਹਨ। ਡਾ. ਦਿਲਗੀਰ ਦੀ ਵਿਦਵਤਾ ਇੱਕ ਸਮੁੰਦਰ ਵਰਗੀ ਹੈ—ਗਹਿਰੀ, ਅਥਾਹ ਅਤੇ ਅਨੰਤ। ਉਹਨਾਂ ਦੀਆਂ ਰਚਨਾਵਾਂ ਵਿੱਚ ਸਿਰਫ਼ ਜਾਣਕਾਰੀ ਨਹੀਂ, ਇੱਕ ਰੂਹਾਨੀ ਖੋਜ ਵਸਦੀ ਹੈ। ਉਹ ਇਤਿਹਾਸ ਨੂੰ ਕਿਤਾਬਾਂ ਦੇ ਸਫ਼ਿਆਂ ‘ਚ ਕੈਦ ਨਹੀਂ ਕਰਦੇ, ਸਗੋਂ ਉਸਨੂੰ ਜੀਉਂਦਾ ਕਰਕੇ ਪਾਠਕ ਦੇ ਸਾਹਮਣੇ ਖੜ੍ਹਾ ਕਰ ਦਿੰਦੇ ਹਨ—ਜਿਵੇਂ ਬੀਤੇ ਕਾਲ ਦੀਆਂ ਪਰਛਾਈਆਂ ਅੱਜ ਦੇ ਸਮੇਂ ਨਾਲ ਗੱਲਾਂ ਕਰ ਰਹੀਆਂ ਹੋਣ। ਉਹਨਾਂ ਦੀਆਂ ਪ੍ਰਮੁੱਖ ਕਿਤਾਬਾਂ—ਜਿਵੇਂ ਸਿੱਖ ਇਤਿਹਾਸ ਦੀ ਵਿਸ਼ਾਲ ਵਿਵੇਚਨਾ, ਸਿੱਖ ਰਾਜਨੀਤੀ ਦੇ ਪਰਤ ਦਰ ਪਰਤ ਸੱਚ, ਅਤੇ ਹੋਰ ਬੇਅੰਤ ਲਿਖਤਾਂ—ਇਕ ਵਿਦਵਾਨ ਦੀ ਮਿਹਨਤ ਨਹੀਂ, ਇੱਕ ਸੰਤ-ਸਿਪਾਹੀ ਦੀ ਤਪੱਸਿਆ ਦਿਸਦੀਆਂ ਹਨ। ਹਰ ਕਿਤਾਬ ਇੱਕ ਅਜਿਹਾ ਦਰਵਾਜ਼ਾ ਹੈ ਜੋ ਪਾਠਕ ਨੂੰ ਅੰਦਰ ਵੜ ਕੇ ਸੋਚਣ, ਸਮਝਣ ਅਤੇ ਖੋਜ ਕਰਨ ਲਈ ਮਜ਼ਬੂਰ ਕਰਦਾ ਹੈ। ਦਿਲਗੀਰ ਸਾਹਿਬ ਦੀ ਲਿਖਤ ਵਿੱਚ ਇੱਕ ਅਨੋਖੀ ਖ਼ੂਬਸੂਰਤੀ ਹੈ—ਇਹ ਕਦੇ ਸਮਝੌਤਾ ਨਹੀਂ



ਕਰਦੀ। ਉਹ ਸੱਚ ਨੂੰ ਫੁੱਲਾਂ ‘ਚ ਨਹੀਂ ਲਪੇਟਦੇ, ਸਗੋਂ ਉਸਨੂੰ ਉਸਦੀ ਅਸਲ ਸ਼ਕਲ ਵਿੱਚ ਪੇਸ਼ ਕਰਦੇ ਹਨ। ਜਿਵੇਂ ਬਿਜਲੀ ਦੀ ਕੌਂਧ ,ਅਚਾਨਕ ਚਮਕ, ਇਕ ਪਲ ਵਿੱਚ ਆਕਾਸ਼ ਨੂੰ ਚਮਕਾ ਦਿੰਦੀ ਹੈ, ਓਸੇ ਤਰ੍ਹਾਂ ਉਹਨਾਂ ਦੇ ਸ਼ਬਦ ਅਕਸਰ ਪਾਠਕ ਦੇ ਮਨ ਨੂੰ ਝੰਝੋੜ ਦੇਂਦੇ ਹਨ।

ਉਹਨਾਂ ਦੀ ਸ਼ਖ਼ਸੀਅਤ ਵੀ ਉਹਨਾਂ ਦੀ ਲਿਖਤ ਵਾਂਗ ਹੀ ਦ੍ਰਿੜ੍ਹ ਹੈ—ਨਾ ਝੁਕਣ ਵਾਲੀ, ਨਾ ਡਰਣ ਵਾਲੀ। ਉਹ ਇੱਕ ਅਜਿਹਾ ਦਰਖ਼ਤ ਹਨ ਜੋ ਹਨ੍ਹੇਰੀਆਂ ਵਿੱਚ ਵੀ ਸਿੱਧਾ ਖੜ੍ਹਾ ਰਹਿੰਦਾ ਹੈ, ਜਿਸ ਦੀਆਂ ਜੜ੍ਹਾਂ ਸੱਚ ਦੀ ਮਿੱਟੀ ਵਿੱਚ ਡੂੰਘੀਆਂ ਧੱਸੀਆਂ ਹੋਈਆਂ ਹਨ। ਡਾ. ਦਿਲਗੀਰ ਦਾ ਸਭ ਤੋਂ ਵੱਡਾ ਯੋਗਦਾਨ ਇਹ ਨਹੀਂ ਕਿ ਉਹਨਾਂ ਨੇ ਕਿੰਨੀਆਂ ਕਿਤਾਬਾਂ ਲਿਖੀਆਂ, ਸਗੋਂ ਇਹ ਹੈ ਕਿ ਉਹਨਾਂ ਨੇ ਸੋਚਣ ਦਾ ਇੱਕ ਨਵਾਂ ਢੰਗ ਦਿੱਤਾ। ਉਹਨਾਂ ਨੇ ਪਾਠਕ ਨੂੰ ਸਿਖਾਇਆ ਕਿ ਇਤਿਹਾਸ ਨੂੰ ਸਿਰਫ਼ ਪੜ੍ਹਨਾ ਨਹੀਂ, ਸਮਝਣਾ ਵੀ ਲਾਜ਼ਮੀ ਹੈ; ਅਤੇ ਸੱਚ ਨੂੰ ਸਿਰਫ਼ ਸੁਣਨਾ ਨਹੀਂ, ਪਰਖਣਾ ਵੀ ਜ਼ਰੂਰੀ ਹੈ।

ਅੱਜ ਦੇ ਸਮੇਂ ਵਿੱਚ, ਜਦੋਂ ਸੱਚ ਅਕਸਰ ਧੁੰਦ ਵਿੱਚ ਲੁਕ ਜਾਂਦਾ ਹੈ, ਡਾ. ਹਰਜਿੰਦਰ ਸਿੰਘ ਦਿਲਗੀਰ ਇੱਕ ਚਿਰਾਗ਼ ਵਾਂਗ ਹਨ—ਜੋ ਰਾਹ ਵੀ ਦਿਖਾਉਂਦਾ ਹੈ ਤੇ ਹੌਂਸਲਾ ਵੀ ਦਿੰਦਾ ਹੈ। ਉਹਨਾਂ ਦੀ ਲਿਖਤ ਇੱਕ ਅਵਾਜ਼ ਹੈ—ਜੋ ਖਾਮੋਸ਼ੀਆਂ ਵਿੱਚ ਵੀ ਗੂੰਜਦੀ ਹੈ, ਇੱਕ ਦਰਿਆ ਹੈ—ਜੋ ਰੁਕਦਾ ਨਹੀਂ, ਇੱਕ ਅੱਗ ਹੈ—ਜੋ ਬੁਝਦੀ ਨਹੀਂ।

ਅੰਤ ਵਿੱਚ, ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਡਾ. ਦਿਲਗੀਰ ਸਿਰਫ਼ ਇੱਕ ਲੇਖਕ ਨਹੀਂ, ਇੱਕ ਵਿਚਾਰ-ਯੁੱਗ ਹਨ। ਉਹਨਾਂ ਦੀ ਕਲਮ ਨੇ ਜੋ ਦੀਵੇ ਜਗਾਏ ਹਨ, ਉਹ ਸਦੀਆਂ ਤੱਕ ਰੌਸ਼ਨੀ ਦਿੰਦੇ ਰਹਿਣਗੇ ਕਿਉਂਕਿ ਇਹ ਰੌਸ਼ਨੀ ਸਿਰਫ਼ ਅੱਖਾਂ ਲਈ ਨਹੀਂ, ਆਤਮਾ ਲਈ ਹੈ।



**ਡਾ. ਅਮਰਜੀਤ ਟਾਂਡਾ**
**ਅੰਤਰਰਾਸ਼ਟਰੀ ਪ੍ਰਸਿੱਧ ਕੀਟ ਵਿਗਿਆਨੀ ਦੇ ਖੇਤੀ ਮਾਹਰ**
**ਡਾਇਰੈਕਟਰ**
**ਵਿਸ਼ਵ ਪੰਜਾਬੀ ਸਾਹਿਤ ਪੀਠ**
**ਪ੍ਰਧਾਨ**
**ਪੰਜਾਬੀ ਸਾਹਿਤ ਅਕੈਡਮੀ ਸਿਡਨੀ ਆਸਟਰੇਲੀਆ**
**ਜਨਰਲ ਸਕੱਤਰ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ**

# ਸਾਡਾ ਮਦਰਡੇਅ

ਕੱਲ੍ਹ ਰਾਤੀਂ ਮੈ ਪੂਰੀ ਤਿਆਰੀ ਕਰਕੇ ਸੁੱਤਾ ਸੀ ਕਿ ਤੜਕੇ ਉਠਦੇ ਸਾਰ ਹੀ ਆਪਣੀ ਮਾਂ ਨੂੰ " ਹੈਪੀ ਮਦਰ ਡੇ " ਵਿਸ਼ ਕਰਨਾ ਪਰ ਮੇਰੇ ਸਵੇਰੇ ਉੱਠਣ ਤੱਕ ਮਾਂ ਕਿਸੇ ਖੇਤ ਦਿਹਾੜੀ ਜਾ ਚੁੱਕੀ ਸੀ ਉੱਠ ਕੇ ਜਦ ਵੱਡੀ ਭੈਣ ਨੂੰ ਪੁੱਛਿਆ ਕੇ ਸ਼ੀਤੋ ਮਾਂ ਕਿੱਥੇ ਏ ? ਤਾਂ ਸੀਤੋ ਦਾ ਜਵਾਬ ਆਇਆ ਤੂੰ ਤਾਂ ਨਵਾਬ ਬਣਿਆ ਪਿਆ ਏ ਮਾਂ ਤਾਂ ਕਦੋਂ ਦੀ ਦਿਹਾੜੀ ਵੀ ਚਲੀ ਗਈ ਖੇਤ ।
ਤੈਨੂੰ ਤਾਂ ਬਸ ਐਤਵਾਰ ਸੌਣ ਲਈ ਦਿੱਤਾ ਰੱਬ ਨੇ ਮੰਨਿਆ ਤੂੰ ਵੀ ਕੰਮ ਕਰਦਾ ਸਵੇਰੇ ਜਲਦੀ ਤਾਂ ਉੱਠ ਹੀ ਸਕਦਾ ਅਸੀਂ ਵੀ ਤਾਂ ਉਠਦੇ ਹੀ ਹਾਂ ਸਾਰੇ ਇੰਨਾ ਕਹਿੰਦੀ ਹੋਈ ਸੀਤੋ ਰਸੋਈ ਚ ਚਲੀ ਗਈ । ਸੀਤੋ ਦੀਆਂ ਗੱਲਾਂ ਦਾ ਜੱਗੇ ਨੂੰ ਬੁਰਾ ਨਹੀਂ ਲੱਗਦਾ ਸੀ ਕਿਉਕਿ ਸੀਤੋ ਇਕ ਤਾਂ ਉਹਦੇ ਤੋਂ ਉਮਰ ਚ ਵੱਡੀ ਸੀ ਤੇ ਦੂਜੀ ਉਹਦੀ ਜਹਾਨੋਂ ਪਿਆਰੀ ਭੈਣ ਵੀ ਸੀ ਜਦ ਵੀ ਕਦੇ ਉਹਨੂੰ ਘਰੇ ਮਾਂ ਝਿੜਕਾਂ ਮਾਰਦੀ ਤਾਂ ਸੀਤੋ ਉਹਦੀ ਤਰਫਦਾਰੀ ਵੀ ਕਰਦੀ ਹੁੰਦੀ ਏ ਜੱਗਾ ਸੀਤੋ ਦੀਆਂ ਗੱਲਾਂ ਤੋਂ ਬਾਅਦ ਕਿਸੇ ਡੂੰਘੀਆਂ ਸੋਚਾਂ ਵਿਚ ਡੁੱਬ ਗਿਆ , ਉਹ ਸੋਚ ਰਿਹਾ ਸੀ ਕਿ ਉਸ ਦੀ ਮਾਂ ਨੇ ਕਿੰਨੀ ਮਿਹਨਤ ਮੁਸ਼ੱਕਤ ਨਾਲ ਉਹਨਾਂ ਨੂੰ ਪਾਲ ਪਲੋਸ ਕੇ ਵੱਡੇ ਕੀਤਾ ਤੇ ਪੜ੍ਹਾ ਲਿਖਾ ਕੇ ਇਸ ਕਾਬਿਲ ਕਰਤੇ ਕਿ ਉਹਨਾਂ ਨੂੰ ਕਿਸੇ ਅੱਗੇ ਹੱਥ ਨਾ ਅੱਡਣੇ ਪੈਣ ਕਿਉਕਿ ਉਹ ਜਾਣਦਾ ਸੀ ਕਿ ਉਹਦੀ ਮਾਂ ਇਕ ਉਹ ਔਰਤ ਹੈ ਜਿਸ ਕੇ ਉਸ ਦੇ ਪਿਓ ਦੇ ਹੁੰਦੇ ਹੋਏ ਵੀ ਕਦੇ ਆਰਾਮ ਨਾਲ ਜ਼ਿੰਦਗੀ ਨਹੀਂ ਜਿਉਂ ਕੇ ਦੇਖੀ ਕਿਉਕਿ ਜੱਗਾ ਇਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਉਹਦਾ ਪਿਓ ਇਕ ਦਿਮਾਗ ਤੌਰ ਤੇ ਇੰਨਾ ਠੀਕ ਨਹੀਂ ਸੀ ਕਿ ਉਹ ਕੋਈ ਕੰਮ ਕਰ ਸਕੇ ਉਹਦਾ ਪਿਓ ਇਕ ਸਿੱਧਾ ਸਧਾਰਨ ਬੰਦਾ ਜਿਹਨੂੰ ਕੋਈ ਵੀ ਕੁਝ ਵੀ ਕਹਿ ਦਿੰਦਾ ਉਹ ਓਹਦੇ ਹੀ ਮਗਰ ਲੱਗ ਜਾਂਦਾ ਜੱਗੇ ਨੇ ਆਪਣੀ ਮਾਂ ਦੀ ਮਿਹਨਤ ਦੇਖੀ ਏ ਕਿਉਕਿ ਉਹਨੂੰ ਯਾਦ ਕੇ ਜਦ ਉਹ ਛੋਟਾ ਸੀ ਤਾਂ ਕਿੰਝ ਉਹੋ ਲੋਕਾਂ ਘਰ ਕੰਮ ਕਰ ਕਰਕੇ ਓਹਨਾ ਨੂੰ ਪਾਲ ਦੀ ਰਹੀ ਸੀ ਜੱਗਾ ਮਨ ਹੀ ਮਨ ਬਹੁਤ ਉਦਾਸ ਹੋਇਆ ਕੇ ਮਾਂ ਲਈ ਕੁਝ ਲਿਆ ਵੀ ਨਹੀਂ ਸਕਿਆ ਤੇ ਅੱਜ ਦੇ ਦਿਨ ਮਾਂ ਕੋਲ ਬੈਠ ਵੀ ਨੀ ਹੋਇਆ ਮਾਂ ਤਾਂ ਮੇਰੇ ਉੱਠਣ ਤੋਂ ਪਹਿਲਾਂ ਹੀ ਆਪਣੇ ਕੰਮ ਤੇ ਜਾ ਚੁੱਕੀ ਸੀ। ਇੰਨਾ ਸੋਚਦੇ ਸੋਚਦੇ ਸੀਤੋ ਜੱਗੇ ਲਈ ਚਾਹ ਲਏ ਆਈ ਸੀਤੋ ਫਿਰ ਬੋਲੀ ਤੂੰ ਹਜੇ ਉਠਿਆ ਵੀ ਨਈ ਮੈ ਚਾਹ ਵੀ ਬਣਾ ਲਏ ਆਈ ਜੱਗਾ ਆਪਣੇ ਹੀ ਖ਼ਿਆਲਾਂ ਚੋ ਬਾਹਰ ਆਉਂਦਾ ਕਹਿਣ ਲੱਗਾ ਓ ਨਹੀਂ ਮੈ ਤਾਂ ਬਸ ਐਵੇਂ ਹੀ ਕੁਝ ਕੰਮ ਦਾ ਹੀ ਸੋਚ ਰਿਹਾ ਸੀ ਜੱਗੇ ਦਾ ਮਾਂ ਨੂੰ ਮੁਬਾਰਕ ਕਹਿਣ ਦਾ ਚਾਹ ਅਧੂਰਾ ਹੀ ਰਹਿ ਗਿਆ ਜਿਸ ਕਰਕੇ ਜੱਗਾ ਸਾਰਾ ਦਿਨ ਉਦਾਸ ਰਿਹਾ ਤੇ ਉਸ ਨੇ ਸਾਰਾ ਦਿਨ ਆਪਣੇ ਕਮਰੇ ਵਿਚ ਹੀ ਕੱਢ ਦਿੱਤਾ ਇਹ ਸੋਚਦੇ ਕੇ ਉਹਦੀ ਮਾਂ ਦੁਨੀਆ ਦੀ ਇਕੱਲੀ ਹੀ ਮਾਂ ਹਉਗੀ ਜੋ ਪੁੱਤ ਦੇ ਕੰਮ ਕਰਨ ਤੋਂ ਬਾਅਦ ਵੀ ਦਿਹਾੜੀ ਜਾਂਦੀ ਏ ਖੇਤਾਂ ਵਿੱਚ ਉਹ ਆਪਣੇ ਆਪ ਨੂੰ ਕੋਸੀ ਜਾ ਰਿਹਾ ਅੰਦਰੋ ਅੰਦਰੀ ਆਪਣੇ ਆਪ ਨੂੰ ਇਹ ਕਹਿ ਰਿਹਾ ਕੇ ਕਿ ਕਮਾ ਕੇ ਤੂੰ ਰੰਗ ਲਗਾਏਗਾ ਜੱਗਿਆ ਤੇਰੇ ਤੋ ਤਾਂ ਮਾ ਨੂੰ ਵੀ ਘਰ ਨੀ ਬਿਠਾ ਹੁੰਦਾ ਜਦ ਕਿ ਹਕੀਕਤਾ ਕੁਝ ਹੋਰ ਸੀ ਜੱਗੇ ਦੀ ਮਾਂ ਉਹਦੇ ਕਹਿਣ ਦੇ ਬਾਵਜੂਦ ਵੀ ਕੰਮ ਨਾ ਕਰਿਆ ਕਰ ਹੁਣ ਤਾਂ ਵੀ ਜਾਂਦੀ ਏ ਕਿਉ ਕੇ ਉਹਨੂੰ ਸੁਰੂ ਤੋ ਹੀ ਕੰਮ ਕਰਨ ਦੀ ਆਦਤ ਏ ਤੇ ਜੱਗੇ ਦੀ ਮਾਂ ਉਹਨੂੰ ਅਕਸਰ ਹੀ ਇਹ ਗੱਲ ਕਹਿੰਦੀ ਏ ਕੇ ਪੁੱਤ "ਕੰਮ ਤੇ ਬੰਦੇ ਦਾ ਕਰਮ " ਏ ਕੰਮ ਦਾ ਕੋਈ ਵੀ ਮਿਹਣਾ ਨੀ ਹੁੰਦਾ ਤੇ ਨਾ ਹੀ ਕੋਈ ਕੰਮ ਵੱਡਾ ਛੋਟਾ ਹੁੰਦਾ ਜਿਨ੍ਹਾਂ ਸਮਾਂ ਹੱਥ ਪੈਰ ਸਲਾਮਤ ਹੋਣ ਇਨਸਾਨ ਨੂੰ ਕੰਮ ਕਰਦੇ ਰਹਿਣਾ ਚਾਹੀਦਾ ਇਹ ਸੋਚਦੇ 9 ਵਜ ਗਏ ਹੋਣੇ ਜਦ ਜੱਗਾ ਕਮਰੇ ਤੋਂ ਬਾਹਰ ਨਾ ਆਇਆ ਤਾਂ ਸੀਤੋ ਨੂੰ ਫ਼ਿਕਰ ਹੋਣ ਲਗੀ ਕੇ ਜੱਗਾ ਅੱਗੇ ਤਾਂ ਕਦੇ ਇੰਝ ਕਰਦਾ ਨੀ ਹੈਗਾ ਅੱਜ ਕਿ ਹੋਇਆ ਇਹਨੂੰ
ਉਹਨੇ ਜੱਗੇ ਨੂੰ ਪੁੱਛਣਾ ਚਾਹਿਆ ਤਾਂ ਜੱਗੇ ਨੇ ਕਿਹਾ ਕਿ ਕੁਝ ਨੀ ਮੈ ਨਹਾਉਣ ਜਾ ਰਿਹਾ ਤੂੰ ਰੋਟੀ ਬਣਾ ਸੀਤੋ ਹਾਂ ਕਹਿੰਦੀ ਰੋਟੀ ਬਣਾਉਣ ਲਈ ਰਸੋਈ ਚ ਚਲੀ ਜਾਂਦੀ ਏ ਤੇ ਜੱਗਾ ਨਹਾ ਕੇ ਆਉਂਦਾ ਤੇ ਰੋਟੀ ਖਾਣ ਤੋਂ ਬਾਅਦ ਆਪਣੇ ਦੋਸਤ ਕੋਲ ਕੁਝ ਸਮਾਂ ਬਿਤਾਉਣ ਲਈ ਚਲਾ ਜਾਂਦਾ ਜੱਗੇ ਨੂੰ ਅੱਜ
ਦਾ ਦਿਨ ਪਹਾੜ ਜਿੰਨਾ ਵੱਡਾ ਲੱਗ ਰਿਹਾ ਸੀ ਜਿਹੜਾ ਬੀਤ ਹੀ ਨੀ ਰਿਹਾ ਸੀ ਅਖੀਰ 5 ਵਜੇ ਉਹ ਘਰੇ ਆਉਂਦਾ ਤੇ ਆਪਣੀ ਮਾਂ ਦੇ ਆਉਣ ਤੋਂ ਪਹਿਲਾਂ ਉਹਦੇ ਲਈ ਕੁਝ ਖਾਸ ਤਰ੍ਹਾਂ ਦੇ ਤੋਹਫ਼ੇ ਲੈਕੇ ਆਉਂਦਾ ਤੇ ਸੀਤੋ ਉਹਨਾਂ ਨੂੰ ਦੇਖ ਕੇ ਖੁਸ਼ ਹੋ ਜਾਂਦੀ ਏ ਕਿਉਕਿ
ਉਹ ਦੋ ਸੂਟ ਲੈਕੇ ਆਇਆ ਸੀ ਇਕ ਆਪਣੀ ਮਾਂ ਲਈ ਤੇ ਦੂਜਾ ਸੀਤੋ ਲਈ ਥੋੜੇ ਸਮੇਂ ਬਾਅਦ ਹੀ ਮਾਂ ਘਰੇ ਆ ਜਾਂਦੀ ਏ ਤੇ ਜੱਗਾ ਮਾਂ ਨੂੰ ਗਲ ਲਗਾ ਕੇ ਭਾਵੁਕ ਹੋ ਜਾਂਦਾ ਤੇ ਕਹਿੰਦਾ ਏ ਮਾਂ ਸਲਾਮ ਏ ਤੇਰੇ ਜਜ਼ਬੇ ਨੂੰ ,,,, ਤੂੰ ਕਿੰਨੀ ਮਹਾਨ ਏ ਮਾਂ ਜੱਗੇ ਨੂੰ ਇੰਝ ਦੇਖ ਕੇ ਪੁੱਛਣ ਲੱਗਦੀ ਏ ਕਿ ਹੋਇਆ ਮੇਰੇ ਪੁੱਤ ਨੂੰ ਅੱਜ ਇੰਨਾ ਮੁਰਝਾਇਆ ਕਿਉ ਏ ਕਿ ਗੱਲ ਏ ਕੁਝ ਨੀ ਮਾਂ ਬਸ ਅੱਜ ਮਮਤਾ ਦਿਵਸ਼ ਸੀ ਤੇ ਮੈਂ ਤਾਂ ਕੱਲ੍ਹ ਰਾਤ ਦਾ ਤੇਰੇ ਬਾਰੇ ਸੋਚ ਰਿਹਾ ਕੇ ਤੈਨੂੰ ਸਲਾਮ ਕਹਿਣਾ ਏ ਪਰ ਤੂੰ ਤਾਂ ਮੇਰੇ ਉੱਠਣ ਤੋਂ ਪਹਿਲਾਂ ਹੀ ਚਲੀ ਗਈ। ਮਾਂ ਜੱਗੇ ਦੀ ਗੱਲ ਸੁਣ ਬੋਲੀ ਕੇ ਫਿਰ ਕੀ ਹੋਇਆ ਪੁੱਤ ਆਪਾ ਕਿਰਤੀ ਲੋਕ ਆ ਤੂੰ ਐਵੇਂ ਨਾ ਸੋਚੀ ਜਾਇਆ ਕਰ ਜਿਨ੍ਹਾਂ ਮਾਵਾਂ ਨੂੰ ਰੱਬ ਤੇਰੇ ਵਰਗੇ ਧੀ ਪੁੱਤ ਦਿੰਦਾ ਉਹਨਾਂ ਲਈ ਤਾਂ ਰੋਜ਼ ਹੀ ਇਹ ਦਿਨ ਜਿਹੇ ਹੁੰਦੇ ਆ ਤੂੰ ਐਵੇਂ ਹੀ ਨਾ ਸੋਚਿਆ ਕਰ ਚਲ ਹੁਣ ਹੱਸ ਕੇ ਦਿਖਾ ਮੇਰਾ ਕਮਲਾ ਪੁੱਤ ਇਨਾ ਕਹਿ ਤਿੰਨੋ ਮਾਂ ਧੀ ਤੇ ਪੁੱਤ ਅੰਦਰ ਕਮਰੇ ਵਿਚ ਆ ਗਏ ਤੇ ਸੀਤੋ ਨੇ ਮਾਂ ਨੂੰ ਉਹ ਸੂਟ ਦਿਖਾਏ ਜਿਹੜੇ ਜੱਗਾ ਮਾਂ ਤੇ ਸੀਤੋ ਲਈ ਅੱਜ ਲੈਕੇ ਆਇਆ ਸੀ ਮਾਂ ਸੂਟ ਦੇਖ ਕੇ ਬਹੁਤ ਖੁਸ਼ ਹੋਈ ਤੇ ਕਹਿਣ ਲੱਗੀ ਜੁਗ ਜੁਗ ਜਿਉਂ ਮੇਰਾ ਬੱਚਾ ਰੱਬ ਤੈਨੂੰ ਲੰਬੀਆ ਉਮਰਾਂ ਲਾਗਵੇ ਤੇ ਰੱਬ ਘਰ ਘਰ ਤੇਰੇ ਵਰਗੇ ਪੁੱਤ ਦੇਵੇ ਚਲੋ ਹੁਣ ਆਪਾਂ ਕੋਈ ਕੰਮ ਕਰੀਏ ਮਾਂ ਇੰਨਾ ਕਹਿੰਦੀ ਹੋਈ ਸੀਤੋ ਨੂੰ ਕਹਿੰਦੀ ਏ ਸੀਤੋ ਪੁੱਤ ਅੱਜ ਰੋਟੀ ਨਾਲ ਮਿੱਠਾ ਬਣਾ ਲਈ ਮੇਰਾ ਪੁੱਤ ਮੇਰੇ ਲਈ ਤੋਫਾ ਲੈਕੇ ਆਇਆ ਰੱਬ ਮੇਰੇ ਪੁੱਤ ਦੀਆਂ ਕਮਾਈਆਂ ਵਿਚ ਹੋਰ ਵਾਧਾ ਕਰੇ ਅੱਜ ਦਾ ਤੋਹਫ਼ਾ ਦੇਖ ਜੱਗੇ ਦੀ ਮਾਂ ਖੁਸ਼ ਹੀ ਨਹੀਂ ਉਹਨੂੰ ਇਕ ਭਰੋਸਾ ਵੀ ਹੋ ਗਿਆ ਸੀ ਕਿ ਉਹੋ ਉਹਦੀ ਕਬੀਲਦਾਰੀ ਦਾ ਮੋਹਰਾ ਵੀ ਬਣ ਗਿਆ ਏ ਰਾਤ ਪੈਂਦਿਆਂ ਹੀ ਸਾਰੇ ਖੁਸ਼ੀ ਖੁਸ਼ੀ ਰੋਟੀ ਖਾ ਕੇ ਤਾਰਿਆਂ ਦੀ ਛਾਵੇਂ ਮੰਜੇ ਲੱਗਾ ਕਿ ਸੌਣ ਦੀ ਤਿਆਰੀ ਵਿਚ ਰੁਝ ਗਏ ਤੇ ਜੱਗਾ ਆਪਣੀ ਮਾਂ ਦੀ ਮਹਾਨ ਮਮਤਾ ਦਾ ਹਮੇਸ਼ਾਂ ਤੋਂ ਹੀ ਰਿਣੀ ਰਿਹਾ ਏ ਤੇ ਉਹ ਤਾਰਿਆਂ ਛਾਵੇਂ ਤਾਰੇ ਦੇਖਦਾ ਦੇਖਦਾ ਅੱਖੀਆਂ ਮੀਟ ਕੇ ਸੋ ਗਿਆ ।



**ਲਿਖਤ ਅਨਵਰ ਹਥਨ**
**ਮੋਬ 9914052494**

# ਡਿਨਰ ਐਟ ਸਰਵਨਾ ਭਵਨ

ਸਾਡੇ ਅੱਜ ਦੇ ਡਿਨਰ ਦੇ ਮੇਜ਼ਬਾਨ ਮੇਰੀ ਪੋਤਰੀ ਦੀ ਸਹੇਲੀ ਦਿਵਲੀਨ ਦਾ ਪਰਿਵਾਰ ਸੀ। ਦਿਵਲੀਨ ਦੇ ਮੰਮੀ ਡੈਡੀ ਵੱਲੋਂ ਕਈ ਦਿਨਾਂ ਦਾ ਸੱਦਾ ਸੀ। ਸੋ ਵੀਕਐਂਡ ਦਾ ਲਾਹਾ ਤੱਕਦੇ ਹੋਏ ਉਹ ਸਾਨੂੰ ਅੱਜ ਡਿਨਰ ਕਰਨ ਲਈ ਫਰਬਰੀ 2026 ਵਿੱਚ ਹੀ ਲਾਈਟਸਵਿਊ ਵਿਖੇ ਖੁੱਲ੍ਹੇ ਸਰਵੰਨਾ ਭਵਨ ਨਾਮਕ ਇੰਡੀਅਨ ਰੇਸਟ੍ਰੋਰੇਂਟ ਤੇ ਲੈ ਗਏ। ਮੇਜ਼ਬਾਨ ਪਰਿਵਾਰ ਆਪਣੀ ਬੇਟੀ ਦੀ ਫ੍ਰੈਂਡ ਦੇ ਦਾਦਾ ਦਾਦੀ ਦੀ ਖ਼ਾਤਿਰਦਾਰੀ ਕਰਨ ਲਈ ਪੂਰੀ ਤਰ੍ਹਾਂ ਪੱਬਾਂ ਭਾਰ ਸੀ। ਉਹਨਾਂ ਦੇ ਦਿਲ ਦੀ ਚਾਹਤ ਉਹਨਾਂ ਦੇ ਚਿਹਰਿਆਂ ਤੋਂ ਸਾਫ ਨਜ਼ਰ ਆਉਂਦੀ ਸੀ। ਸਰਵੰਨਾ ਭਵਨ ਰੈਸਟ੍ਰੋਰੇਂਟ ਬੜੇ ਹੀ ਆਧੁਨਿਕ ਤਰੀਕੇ ਨਾਲ ਬਣਿਆ ਹੋਇਆ ਹੈ ਜਿਸ ਵਿੱਚ ਇੱਕ ਖੁੱਲ੍ਹਾ ਹਾਲ ਹੈ। ਪ੍ਰੰਤੂ ਫਿਰ ਵੀ ਇੱਥੇ ਲੰਮੀ ਵੇਟਿੰਗ ਚਲਦੀ ਹੈ। ਅਸਲ ਵਿੱਚ ਇਹ ਦੱਖਣ ਭਾਰਤੀ ਰੇਸਟ੍ਰੋਰੇਂਟ ਹੈ। ਜਿੱਥੇ ਇਡਲੀ, ਡੋਸਾ ਸਾਂਬਰ, ਵੜਾ, ਪਾਵ ਭਾਜੀ ਤੇ ਨੂਡਲ ਦਾ ਬੋਲ ਬਾਲਾ ਹੈ। ਸਾਡੇ ਮੇਜ਼ਬਾਨ ਨੇ ਵੀ ਪਹਿਲਾਂ ਡੋਸਾ, ਨੂਡਲ, ਮੰਚੂਰੀਅਨ, ਸਾਂਬਰ ਵੜਾ ਮੰਗਵਾਕੇ ਟੇਬਲ ਭਰ ਦਿੱਤਾ। ਇਸ ਨੂੰ ਇਹ ਲੋਕ ਸਟਾਰਟਰ ਕਹਿੰਦੇ ਹਨ। ਫਿਰ ਹੈਵੀ ਮੇਨ ਕੋਰਸ ਦਾ ਆਰਡਰ ਦਿੱਤਾ ਤੇ ਨਾਲ ਪੀਣ ਲਈ ਮੈਂਗੋ ਲੱਸੀ, ਜੂਸ ਅਤੇ ਮਜੀਟੋ ਵੀ ਟੇਬਲ ਤੇ ਸਜਾ ਦਿੱਤੇ ਸਨ। ਜੋ ਸਾਡੇ ਵਰਗੇ ਸੀਨੀਅਰ ਸਿਟੀਜਨਜ ਨਾਲ ਪਿਆਰ ਨਾਲ ਕੀਤਾ ਗਿਆ ਧੱਕਾ ਹੀ ਸੀ। ਇਥੋਂ ਦੇ ਡਿਨਰ ਵਿੱਚ ਆਚਾਰ ਅਤੇ ਸਿਰਕਾ ਪਿਆਜ਼ ਦਾ ਨਾਂ ਹੋਣਾ ਵੀ ਰੜਕਦਾ ਹੈ ਖਾਸਕਰ ਪੰਜਾਬੀਆਂ ਨੂੰ। ਇੱਥੇ ਖਾਣੇ ਤੋਂ ਬਾਅਦ ਕਾਊਂਟਰ ਤੇ ਮਿੱਠੇ ਸੌਂਫ, ਗੁੜ, ਮਿਸਰੀ, ਦੇ ਬਾਉਲ ਨਹੀਂ ਮਿਲਦੇ ਸਗੋਂ ਟਿਪ ਮੀ ਨਾਮ ਦਾ ਬਿੰਨ ਤੁਹਾਡੀ ਜੇਬ ਵੱਲ ਝਾਕਦਾ ਹੈ।



ਇੰਜ ਫਿਰ ਅਸੀਂ ਸ੍ਰੀ ਸ਼ਾਮ ਢਾਬੇ ਨੂੰ ਮਿਸ ਕਰਦੇ ਹਾਂ। ਇੰਡੀਆ ਵਿੱਚ ਤਾਂ ਲੱਲੀ ਛੱਲੀ ਢਾਬੇ ਵਾਲਾ ਆਪਣੇ ਮਿੱਠੇ ਸੌਂਫ ਦੇ ਪਾਉਚ ਬਣਾਕੇ ਰੱਖਦਾ ਹੈ।
ਇਥੋਂ ਦਾ 'ਸਰਵਣਾ ਭਵਨ' ਦੁਨੀਆ ਦੀ ਸਭ ਤੋਂ ਵੱਡੀ ਦੱਖਣੀ ਭਾਰਤੀ ਸ਼ਾਕਾਹਾਰੀ ਰੈਸਟੋਰੈਂਟ ਚੇਨ ਦਾ ਹਿੱਸਾ ਹੈ। ਇਸ ਦੀ ਸਥਾਪਨਾ ਪੀ. ਰਾਜਾਗੋਪਾਲ ਨੇ 1981 ਵਿੱਚ ਚੇਨਈ, ਭਾਰਤ ਵਿੱਚ ਕੀਤੀ ਸੀ । ਉਹਨਾਂ ਨੂੰ "ਡੋਸਾ ਕਿੰਗ" ਕਿਹਾ ਜਾਂਦਾ ਸੀ। ਪੀ. ਰਾਜਾਗੋਪਾਲ ਦੀ ਮੌਤ ਤੋਂ ਬਾਅਦ ਇਸ ਕਾਰੋਬਾਰ ਨੂੰ ਉਸ ਦੇ ਦੋਵੇਂ ਪੁੱਤਰਾਂ ਨੇ ਸੰਭਾਲਿਆ। ਸ਼ਿਵ ਕੁਮਾਰ ਇਸ ਦੀਆਂ ਅੰਤਰਰਾਸ਼ਟਰੀ ਬ੍ਰਾਂਚਾਂ ਦੀ ਸੰਭਾਲ ਕਰਦੇ ਹਨ। ਮਿਸਟਰ ਸਰਵਣਨ ਭਾਰਤ ਵਿੱਚ ਰੈਸਟੋਰੈਂਟਾਂ ਦੇ ਕੰਮਕਾਜ ਨੂੰ ਦੇਖਦੇ ਹਨ। ਵਿਸ਼ਵ ਵਿੱਚ ਇਸ ਦੀਆਂ 100 ਤੋਂ ਵੱਧ ਬ੍ਰਾਂਚਾਂ ਹਨ ਜੋ ਤਕਰੀਂਬਨ 28 ਦੇਸ਼ਾਂ ਵਿੱਚ ਫੈਲੀਆਂ ਹੋਈਆਂ ਹਨ। ਭਾਰਤ ਲਗਭਗ ਹੀ 33 ਬ੍ਰਾਂਚਾਂ ਹਨ ਤੇ ਇਸ ਰੈਸਟੋਰੈਂਟ ਦੀਆਂ ਆਸਟ੍ਰੇਲੀਆ, ਅਮਰੀਕਾ, ਕੈਨੇਡਾ, ਯੂਕੇ, ਫਰਾਂਸ, ਜਰਮਨੀ, ਸਿੰਗਾਪੁਰ, ਮਲੇਸ਼ੀਆ ਅਤੇ ਮੱਧ ਪੂਰਬ ਸਾਊਦੀ ਅਰਬ ਵਰਗੇ ਦੇਸ਼ਾਂ ਵਿੱਚ ਬ੍ਰਾਂਚਾਂ ਹਨ। ਭਾਵੇ ਐਡਿਲੀਡ ਵਾਲੀ ਬ੍ਰਾਂਚ ਦਾ ਸਟਾਫ ਨਵਾਂ ਤੇ ਘੱਟ ਤਜੁਰਬੇ ਵਾਲਾ ਹੈ ਪਰ ਫਿਰ ਵੀ ਇਹਨਾਂ ਦੀ ਸਰਵਿਸ ਵਧੀਆ ਹੈ। ਐਡਿਲੀਡ ਵਿੱਚ ਭਾਰਤੀ ਰੇਸਟ੍ਰੋਰੇਂਟਸ ਦੀ ਲੜੀ ਵਿੱਚ ਇਹ ਹੋਰ ਇਜ਼ਾਫਾ ਹੈ। ਖੈਰ ਆਪਣਾ ਨਾਮ ਬਣਾਉਣ ਅਤੇ ਚਮਕਾਉਣ ਤੇ ਇਸ ਨੂੰ ਟਾਈਮ ਲੱਗੂ। ਮੇਜ਼ਬਾਨ ਪਰਿਵਾਰ ਦਾ ਸ਼ੁਕਰੀਆਂ ਜਿੰਨਾ ਨੇ ਸਾਨੂੰ ਸਰਵੰਨਾ ਭਵਨ ਦਿਖਾਇਆ। ਊਂ ਸਰਵੰਨਾ ਨਾਮ ਭਾਰਤੀ ਨਾਮ ਸਰਵਣਾ ਦਾ ਵਿਗੜਿਆ ਹੋਇਆ ਰੂਪ ਹੀ ਲੱਗਦਾ ਹੈ।

**ਰਮੇਸ ਸੇਠੀ ਬਾਦਲ**
**9876627233**

# ਸ਼੍ਰੀ ਰਾਮ ਪਾਲ ਰਾਹੀ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ






**ਜਲੰਧਰ–** ਅੰਬੇਡਕਰ ਭਵਨ, ਡਾਕਟਰ ਅੰਬੇਡਕਰ ਮਾਰਗ, ਜਲੰਧਰ ਵਿਖੇ ਅੱਜ, ਥੋੜ੍ਹੇ ਸਮੇਂ ਦੇ ਨੋਟਿਸ ‘ਤੇ ਸ਼੍ਰੀ ਰਾਮ ਪਾਲ ਰਾਹੀ ਦੇ ਅਚਾਨਕ ਦੇਹਾਂਤ ‘ਤੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਸ਼ਰਧਾਂਜਲੀ ਸਭਾ ਦਾ ਆਯੋਜਨ ਕੀਤਾ ਗਿਆ। ਅੰਬੇਡਕਰ ਭਵਨ ਟਰੱਸਟ, ਅੰਬੇਡਕਰ ਮਿਸ਼ਨ ਸੋਸਾਇਟੀ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ ਦੇ ਮੈਂਬਰ ਅੰਬੇਡਕਰ ਭਵਨ ਜਲੰਧਰ ਵਿਖੇ ਇਕੱਠੇ ਹੋਏ ਅਤੇ ਇਸ ਦੁੱਖ ਦੀ ਘੜੀ ਵਿੱਚ ਦੁਖੀ ਪਰਿਵਾਰ ਨਾਲ ਹਮਦਰਦੀ ਅਤੇ ਸੰਵੇਦਨਾ ਪ੍ਰਗਟ ਕੀਤੀ। ਅੰਬੇਡਕਰਵਾਦੀ ਅਤੇ ਬੋਧੀ ਮਿਸ਼ਨ ਦਾ ਇੱਕ ਹੀਰਾ ‘ਰਾਮਪਾਲ ਰਾਹੀ’ ਸਦਾ ਲਈ ਗੁਆਚ ਗਿਆ। ਸ਼੍ਰੀ ਰਾਮਪ-ਾਲ ਰਾਹੀ ਯੂਕੇ ਦਾ ਦੇਹਾਂਤ ਇੱਕ ਅਚਾਨਕ ਹਾਦਸੇ ਕਾਰਨ ਹੋਇਆ। ਉਹ ਤਿੰਨ ਸੰਗਠਨਾਂ — ਫੈਡਰੇਸ਼ਨ ਆਫ ਅੰਬੇਡਕਰਾਈਟ ਐਂਡ ਬੁੱਧਿਸਟ ਆਰਗੇਨਾਈਜ਼ੇਸ਼ਨਜ਼ (FABO) UK, ਪੰਜਾਬ ਬੁੱਧਿਸਟ ਸੁਸਾਇਟੀ (U.K.), ਅੰਬੇਡਕਰ ਮਿਸ਼ਨ ਸੁਸਾਇਟੀ ਬੇਡਫਰ੍ਡ ਦੇ ਪ੍ਰਧਾਨ ਸਨ। ਸ਼੍ਰੀ ਰਾਮਪਾਲ ਰਾਹੀ ਸ਼੍ਰੀ ਗੁਰੂ ਰਵਿਦਾਸ ਮਿਸ਼ਨ ਹਸਪਤਾਲ, ਫਗਵਾੜਾ ਅਤੇ ਪ੍ਰਬੁੱਧ ਭਾਰਤ ਫਾਊਂਡੇਸ਼ਨ ਡੱਲੇਵਾਲ ਦੇ ਸੰਸਥਾਪਕ ਮੈਂਬਰ ਸਨ। ਤਕਸ਼ਿਲਾ ਮਹਾ ਬੁੱਧ ਵਿਹਾਰ ਲੂਧਿਆਣਾ ਬਣਾਉਣ ਵਿੱਚ ਰਾਹੀ ਜੀ ਦਾ ਬਹੁਤ ਵੱਡਾ ਯੋਗਦਾਨ ਰਿਹਾ ।ਬੁੱਧ ਵਿਹਾਰ, ਲੂਧਿਆਣਾ ਵਿਚ ਸਾਂਚੀ ਸਤੂਪ ਦੀ ਨਕਲ ਦਾ ਜੋ ਗੇਟ ਬਣਿਆ ਹੋਇਆ ਹੈ, ਜਿਸ ਤੇ ਬਹੁਤ ਸੁੰਦਰ ਮੀਨਾਕਾਰੀ ਕੀਤੀ ਹੋਈ ਹੈ, ਉਸ ਨੂੰ ਬਨਾਉਣ ਦਾ ਸਾਰਾ ਖਰਚ ਰਾਹੀ ਜੀ ਨੇ ਹੀ ਕੀਤਾ ਸੀ। 6 ਦਸੰਬਰ, 2023 ਨੂੰ ਸ਼੍ਰੀ ਰਾਮ ਪਾਲ ਰਾਹੀ ਜੀ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਪ੍ਰਿਨਿਰਵਾਣ ਦਿਵਸ ‘ਤੇ ਅੰਬੇਡਕਰ ਭਵਨ, ਜਲੰਧਰ ਵਿਖੇ ਆਏ ਅਤੇ ਉਨ੍ਹਾਂ ਨੇ ਅੰਬੇਡਕਰ ਭਵਨ ਦੇ ਵਿਕਾਸ ਲਈ ਅੰਬੇਡਕਰ ਭਵਨ ਟਰੱਸਟ ਨੂੰ 2 ਲੱਖ ਰੁਪਏ ਦੀ ਰਾਸ਼ੀ ਦਾਨ ਕੀਤੀ। ਕੁਝ ਮਹੀਨੇ ਪਹਿਲਾਂ ਹੀ ਇਟਲੀ ਵਿਚ ‘ਖੋਜ ਹਰ ਰੋਜ’ ਟੀਮ ਵੱਲੋਂ ਕੀਤੇ ਗਏ ਸਮਾਗਮ ਵਿਚ ਬੋਲਦਿਆਂ ਰਾਹੀ ਜੀ ਨੇ ਕਿਹਾ ਸੀ, “ਫਿਕਰ ਨਹੀਂ ਕਰਨਾ ਕਿ ਸਾਡੀ ਗਿਣਤੀ ਥੋੜ੍ਹੀ ਹੈ , ਹਮੇਸ਼ਾਂ ਚੰਗੇ ਬੰਦਿਆਂ ਦੀ ਗਿਣਤੀ ਥੋੜ੍ਹੀ ਹੁੰਦੀ ਹੈ, ਜਿਹੜੀ ਬਦਸ਼ਕਲ ਭੀੜ ਹੈ, ਉਹ ਬਹੁਤੀ ਹੋਵੇਗੀ।” ਉਨ੍ਹਾਂ ਨੇ ਆਪਣੇ ਜੀਵਨ ਦੌਰਾਨ ਡਾ. ਬੀ.ਆਰ. ਅੰਬੇਡਕਰ ਅਤੇ ਤਥਾਗਤ ਬੁੱਧ ਦੀ ਵਿਚਾਰਧਾਰਾ ਨੂੰ ਫੈਲਾਉਣ ਲਈ ਬਹੁਤ ਕੰਮ ਕੀਤਾ। ਉਨ੍ਹਾਂ ਨੇ ਹਮੇਸ਼ਾ ਬਹੁਤ ਸਾਰੀਆਂ ਸੰਸਥਾਵਾਂ ਅਤੇ ਵਿਅਕਤੀਆਂ ਦੀ ਮਾਲੀ ਮਦਦ ਕੀਤੀ।

ਉਨ੍ਹਾਂ ਦਾ ਸਰੀਰਕ ਵਿਛੋੜਾ, ਪਰਿਵਾਰ, ਅੰਬੇਡਕਰੀ ਅਤੇ ਬੋਧੀ ਭਾਈਚਾਰੇ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ ਪਰ ਉਨ੍ਹਾਂ ਦੀ ਯਾਦ ਅੰਬੇਡਕਰੀ ਅਤੇ ਬੋਧੀ ਸਾਥੀਆਂ ਦੇ ਦਿਲਾਂ ਵਿੱਚ ਹਮੇਸ਼ਾ ਲਈ ਰਹੇਗੀ।

ਮੁੱਖ ਬੁਲਾਰਿਆਂ: ਡਾ. ਜੀ.ਸੀ.ਕੌਲ, ਬਲਦੇਵ ਰਾਜ ਭਾਰਦਵਾਜ, ਹਰਮੇਸ਼ ਜੱਸਲ, ਅੰਬੇਡਕਰ ਮਿਸ਼ਨ ਸੁਸਾਇਟੀ ਦੇ ਪ੍ਰਧਾਨ ਪ੍ਰੋ: ਬਲਬੀਰ ਅਤੇ ਅੰਬੇਡਕਰ ਭਵਨ ਟਰੱਸਟ ਦੇ ਚੇਅਰਮੈਨ ਡਾ. ਰਾਹੁਲ ਜੱਸੀ ਨੇ ਲੇਟ ਸ਼੍ਰੀ ਰਾਮਪਾਲ ਰਾਹੀ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਚਰਨ ਦਾਸ ਸੰਧੂ, ਡਾ. ਮਹਿੰਦਰ ਸੰਧੂ, ਕਮਲ ਕੁਮਾਰ, ਮਨਜੀਤ ਸਿੰਘ, ਸੁਲੱਖਣ ਸਿੰਘ, ਗੁਰਦਿਆਲ ਜੱਸਲ, ਚਮਨ ਲਾਲ ਸਾਂਪਲਾ, ਤਿਲਕ ਰਾਜ, ਧਨੀ ਰਾਮ ਸੂਦ, ਨਿਰਮਲ ਬਿੰਝੀ, ਹਰਭਜਨ ਨਿਮਤਾ ਅਤੇ ਪ੍ਰੇਮ ਨਾਥ ਆਦਿ ਹਾਜ਼ਰ ਸਨ ।

— Baldev Raj Bhardwaj

# ਸ਼ਾਹਕੋਟ ਵਿਖੇ ਡਾ. ਕੁਲਵੰਤ ਸਿੰਘ ਧਾਲੀਵਾਲ ਜੀ ਵੱਲੋਂ ਚਲਾਈ ਜਾ ਰਹੀ ਵਰਲਡ ਕੈਂਸਰ ਕੇਅਰ ਸੰਸਥਾ ਦੇ ਵਿਸ਼ਾਲ ਮੈਡੀਕਲ ਕੈਂਪ ਵਿੱਚ ਜਾਣ ਦਾ ਮੌਕਾ ਮਿਲਿਆ








**ਸ਼ਾਹਕੋਟ (ਹਰਜਿੰਦਰ ਪਾਲ ਛਾਬੜਾ)** ਪੰਜ ਮੋਬਾਈਲ ਮੈਡੀਕਲ ਬੱਸਾਂ ਅਤੇ 30 ਤੋਂ ਵੱਧ ਮੈਡੀਕਲ ਸਟਾਫ ਲੋਕਾਂ ਦੀ ਨਿਸ਼ਕਾਮ ਸੇਵਾ ਕਰ ਰਹੇ ਸਨ। ਕੈਂਸਰ ਦੀ ਸਮੇਂ ਸਿਰ ਜਾਂਚ ਲਈ ਮਹਿੰਗੇ ਟੈਸਟ ਮੁਫ਼ਤ ਕੀਤੇ ਜਾ ਰਹੇ ਹਨ, ਜੋ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ।ਇਹ ਕੈਂਪ ਸ੍ਰੀ ਰਮੇਸ਼ ਚੰਦਰ ਗੁਪਤਾ ਜੀ ਦੀ ਨਿੱਘੀ ਯਾਦ ਵਿੱਚ ਉਹਨਾਂ ਦੇ ਪਰਿਵਾਰ ਵੱਲੋਂ ਸਮਰਪਿਤ ਕੀਤਾ ਗਿਆ ਸੀ।ਮੈਂ ਪਾਲਾ ਜਲਾਲਪੁਰੀਆ ਸਮੁੱਚੀ ਵਰਲਡ ਕੈਂਸਰ ਕੇਅਰ ਟੀਮ ਦਾ ਦਿਲੋਂ ਧੰਨਵਾਦ ਕਰਦਾ ਹਾਂ ਜੋ ਮਨੁੱਖਤਾ ਦੀ ਸੇਵਾ ਵਿੱਚ ਲਗਾਤਾਰ ਯੋਗਦਾਨ ਪਾ ਰਹੀ ਹੈ।

# ਸਰੀ-ਡੈਲਟਾ ਸਰਹੱਦ ਨੇੜੇ ਭਿਆਨਕ ਹਾਦਸਾ, ਟ੍ਰੈਫਿਕ ਲਾਈਟ ਨਾਲ ਲਟਕਿਆ ਮੋਟਰਸਾਈਕਲ

**ਵੈਨਕੂਵਰ, ਮਈ (ਮਲਕੀਤ ਸਿੰਘ)** – ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਸਰੀ-ਡੈਲਟਾ ਸਰਹੱਦ ਨੇੜੇ ਇੱਕ ਭਿਆਨਕ ਸੜਕ ਹਾਦਸੇ ਦੌਰਾਨ ਇੱਕ ਮੋਟਰਸਾਈਕਲ ਸਵਾਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਇਹ ਹਾਦਸਾ ਇੰਨਾ ਭਿਆਨਕ ਸੀ ਕਿ ਇਸ ਦੁਰਘਟਨਾ ਮਗਰੋਂ ਮੋਟਰਸਾਈਕਲ ਹਵਾ ਚ ਉੱਡਦਾ ਹੋਇਆ ਟਰੈਫਿਕ ਲਾਈਟ ਵਾਲੇ ਖੰਭੇ ਤੇ ਫਸ ਗਿਆ, ਜਿਸ ਨੂੰ ਵੇਖ ਕੇ ਨੇੜਿਉਂ ਲੰਘ ਰਹੇ ਰਾਹਗੀਰ ਹੈਰਾਨ ਰਹਿ ਗਏ ਪ੍ਰਾਪਤ ਜਾਣਕਾਰੀ ਅਨੁਸਾਰ ਇਹ ਹਾਦਸਾ ਸਕਾਟ ਰੋਡ ਨੇੜੇ 70ਵੀਂ ਅਤੇ 72ਵੀਂ ਐਵਿਨਿਊ ਦੇ ਵਿਚਕਾਰ ਵਾਪਰਿਆ। ਹਾਦਸੇ ਮਗਰੋਂ ਪੁਲਿਸ ਅਤੇ ਐਮਰਜੈਂਸੀ ਸੇਵਾਵਾਂ ਤੁਰੰਤ ਮੌਕੇ ‘ਤੇ ਪਹੁੰਚ ਗਈਆਂ ਅਤੇ ਜ਼ਖ਼ਮੀ ਮੋਟਰਸਾਈਕਲ ਸਵਾਰ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ, ਜਿਸਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਅਧਿਕਾਰੀਆਂ ਅਨੁਸਾਰ ਹਾਦਸੇ ਕਾਰਨ ਸਕਾਟ ਰੋਡ ਦੇ ਇਸ ਹਿੱਸੇ ਨੂੰ ਐਤਵਾਰ ਦੁਪਹਿਰ ਲਈ ਬੰਦ ਕਰ ਦਿੱਤਾ ਗਿਆ ਤਾਂ ਜੋ ਜਾਂਚ ਅਤੇ ਮਲਬਾ ਹਟਾਉਣ ਦਾ ਕੰਮ ਕੀਤਾ ਜਾ ਸਕੇ। ਪੁਲਿਸ ਵੱਲੋਂ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।



**ਸਰੀ-ਡੈਲਟਾ ਸਰਹੱਦ ਨੇੜੇ ਵਾਪਰੇ ਹਾਦਸੇ ਮਗਰੋਂ ਟ੍ਰੈਫਿਕ ਲਾਈਟ ਨਾਲ ਲਟਕਦਾ ਮੋਟਰਸਾਈਕਲ।**

# (ਮਾਵਾਂ ਦਾ ਬੇਮਿਸਾਲ ਪਿਆਰ)

ਮਾਂ-ਦਿਵਸ ਵਾਸਤੇ ਕੋਈ ਇੱਕ ਦਿਨ ਨਹੀਂ ਚਾਹੀਦਾ। ਇਹ ਤਾਂ ਰੋਜ਼ ਰੋਜ਼ ਹੀ ਮਨਾਇਆ ਜਾਣਾ ਚਾਹੀਦਾ। ਮਾਂ ਬੱਚਿਆਂ ਲਈ ਚੁੱਪ ਚਾਪ ਦੁਖ ਹੈ ਸਹਿੰਦੀ, ਕਿਸੇ ਨੂੰ ਨਾ ਕਹਿੰਦੀ। ਉਨ੍ਹਾਂ ਦੀ ਬੇਹਤਰੀ ਲਈ ਦੁਆਵਾਂ ਕਰਦੀ ਰਹਿੰਦੀ ਮਾਂ। ਬੱਚੇ ਭਾਵੇਂ ਕਿੰਨੀ ਵੱਡੀ ਗਲਤੀ ਕਰਨ, ਮਾਫ ਕਰਨ ਦਾ ਜਿਗਰਾ ਰੱਖਦੀ ਮਾਂ। ਉਨ੍ਹਾਂ ਲਈ ਕੰਮ ਕਰਦੀ ਨਾ ਥੱਕਦੀ ਮਾਂ। ਮਾਵਾਂ ਹੁੰਦੀਆਂ ਠੰਡੀਆਂ ਛਾਵਾਂ, ਬੂਟਾ ਹੁੰਦਾ ਹੈ ਘਣਛਾਵਾਂ। ਉਸਦੀਆਂ ਕੁਰਬਾਨੀਆਂ ਕੀਹਨੂੰ ਸੁਣਾਵਾਂ। ਬੱਚਿਆਂ ਨੂੰ ਆਂਚ ਨਾ ਆਉਣ ਦੇਵੇ, ਆਪ ਭਾਵੇਂ ਅੱਗ ਨਾਲ ਜੂਝਦੀ ਰਹਿੰਦੀ। ਬੱਚਿਆਂ ਨੂੰ ਪਾਉਂਦੀ ਸੁੱਕੇ ਵਿੱਚ, ਆਪ ਗਿੱਲੇ ਵਿੱਚ ਪੈਂਦੀ ਰਹਿੰਦੀ। ਮਾਵਾਂ ਹੁੰਦੀਆਂ, ਠੰਡੀਆਂ ਛਾਵਾਂ, ਛਾਵਾਂ ਕੌਣ ਕਰੇ। ਮਾਵਾਂ ਬਾਝੋਂ ਨਾ ਹੁੰਦੇ ਪੇਕੇ, ਇਜ਼ਤ ਮਾਣ, ਕੌਣ ਕਰੇ। ਮਜਬੂਰੀ ਵੱਸ ਇਕੱਲਿਆਂ ਵੀ ਜ਼ਿੰਦਗੀ ਵਿੱਚ ਜਦੋਜਹਿਦ ਕਰਦੀਆਂ ਨਹੀਂ ਡਰਦੀਆਂ। ਬੱਚਿਆਂ ਪ੍ਰਤੀ ਆਪਣੇ ਫ਼ਰਜ਼ ਪੂਰੇ ਕਰਦੀਆਂ। ਮਰਦ ਜੇ ਹੋਵੇ ਜੀਵਨ ਸਾਥੀ, ਬੱਚਿਆਂ ਨੂੰ ਸਾਂਭਣ ਦਾ ਕੰਮ ਹੋ ਜਾਂਦਾ ਸੁਖਾਲਾ। ਮਾਂ ਨੂੰ ਫੇਰ ਵੀ ਚੈਨ ਨਹੀਂ ਆਉਂਦਾ, ਜਦੋਂ ਤੱਕ



ਬੱਚੇ
ਕੰਮ ਨਾ ਕਰਨ ਕੋਈ ਆਲ੍ਹਾ। ਹਮੇਸ਼ਾ ਬੱਚਿਆਂ ਦੀ ਤਰੱਕੀ ਦੇਖ ਖੁਸ਼ ਹੁੰਦੀ ਮਾਂ। ਬੁਲੰਦੀਆਂ ਛੂਹਦਿਆਂ ਨੂੰ ਦੇਖ ਖਿੜ੍ਹਦੀ ਮਾਂ। ਮਾਂ ਹੁੰਦੀ ਰੱਬ ਦਾ ਰੂਪ ਹੈ ਦੂਜਾ, ਇਸ ਦੀ ਸੇਵਾ ਹੁੰਦੀ ਸਭ ਤੋਂ ਵੱਡੀ ਪੂਜਾ। ਬਾਬੇ ਨਾਨਕ ਆਖਿਆ, ਸੋ ਕਿਉ ਮੰਦਾ ਆਖੀਏ, ਜਿਤੁ ਜੰਮੈ ਰਾਜਾਨੁ। ਮਾਂ ਦਾ ਦਰਜਾ ਰਿਸ਼ਤਿਆਂ ਵਿੱਚ ਹੁੰਦਾ ਮਹਾਨ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639(40ਏ, ਚੰਡੀਗੜ੍ਹ ਫੋਨ ਨੰਬਰ : 9878469639**

# ਸਵੇਰ ਦੀ ਚਾਹ

ਚਾਹ ਦਾ ਕੱਪ,ਸਿਰਫ਼ ਚਾਹ ਦਾ ਇੱਕ ਕੱਪ ਮਾਤਰ ਨਹੀਂ ਹੁੰਦਾ,ਬਲਕਿ ਚਾਹ ਪਿਆਉਣ ਵਾਲੇ ਦੇ ਸਨੇਹ ਦਾ ਪਿਆਲਾ ਹੁੰਦਾ ਹੈ। ਜਿਸ ਦੇ ਹਰ ਘੁੱਟ ਵਿੱਚ,ਉਸ ਦੇ ਪਿਆਰ ਦੀ ਮਿਠਾਸ ਭਰੀ ਹੁੰਦੀ ਹੈ।ਇਸੇ ਲਈ ਕਿਸੇ ਕਵੀ ਨੇ ਕਿਹਾ ਹੈ ਕਿ, " ਉਸ ਚਾਹ ਦੀ ਮੈਨੂੰ ਚਾਹ ਕੋਈ ਨਾਂ,
ਜਿਸ ਚਾਹ ਦੇ ਵਿੱਚ ਕੋਈ ਚਾਹ ਹੈ ਨਹੀਂ।
" ਮੇਰੇ ਬਚਪਨ ਦੇ ਸਮਿਆਂ 'ਚ,ਬੱਚਿਆਂ ਨੂੰ ਚਾਹ ਪਿਆਉਣ ਤੋਂ ਪਰਹੇਜ਼ ਕੀਤਾ ਜਾਇਆ ਕਰਦਾ ਸੀ।ਜੇ ਕੋਈ ਬੱਚਾ ਚਾਹ ਪੀਣ ਦੀ ਜ਼ਿੱਦ ਕਰਿਆ ਕਰਦਾ ਸੀ ਤਾਂ ਅਕਸਰ ਮਾਵਾਂ ਇਕ ਹੀ ਝਿੜਕ ਮਾਰਿਆ ਕਰਦੀਆਂ ਹੁੰਦੀਆਂ ਸਨ ਕਿ " ਜਲਜਣਿਆਂ ਦੁੱਧ ਨਹੀ ਲੰਘਦਾ ਤੇਰੇ? " ਇਹ ਉਹ ਸਮਾਂ ਸੀ ਜਦੋਂ ਹਰ ਘਰ ਲਵੇਰਾ / ਮੱਝਾਂ ( ਉਹਨਾਂ ਦਿਨਾਂ 'ਚ ਹਰ ਘਰ ਮੱਝਾਂ ਹੀ ਹੁੰਦੀਆਂ ਸਨ,ਕਿਸੇ ਟਾਵੇਂ ਘਰ ਹੀ ਗਾਂ ਹੋਇਆ ਕਰਦੀ ਸੀ।) ਹੋਇਆ ਕਰਦਾ ਸੀ।ਹਰ ਘਰ ਦੁੱਧ ਹੋਣ ਕਾਰਨ ਦੁੱਧ ਘੱਟ ਹੀ ਵਿਕਿਆ ਕਰਦਾ ਸੀ। ਅੱਜ ਲਵੇਰਾ ਟਾਵੇਂ ਟਾਵੇਂ ਘਰ ਹੈ ਅਤੇ ਜਿਸ ਦੇ ਘਰ ਦੁੱਧ ਹੈ ਉਹ ਵੀ ਚਾਹ ਜੋਗਾ ਦੁੱਧ ਘਰ ਰੱਖ ਕੇ ਬਾਕੀ ਸਾਰਾ ਵੇਚ ਦਿੰਦੇ ਹਨ। ਇਸੇ ਲਈ ਅੱਜ, ਕੀ ਬੱਚਾ 'ਤੇ ਕੀ ਬਜ਼ੁਰਗ, ਸੱਭ ਸਵੇਰੇ ਅੱਖਾਂ ਖੁਲ੍ਹਦੇ ਹੀ ਚਾਹ ਭਾਲਦੇ ਹਨ।ਕਈਆਂ ਨੂੰ ਤਾਂ ਬੈਡ ਟੀ (ਬਿਸਤਰੇ 'ਤੇ ਪਏ ਨੂੰ ਚਾਹ) ਚਾਹੀਦੀ ਹੈ। ਬਿਨਾਂ ਚਾਹ ਪੀਤਿਆਂ ਇਹ ਲੋਕ ਮੰਜਾ (ਬੈਡ) ਨਹੀਂ ਛੱਡਦੇ। ਹਰ ਪਾਸੇ ਚਾਹ ਹੀ ਚਾਹ ਹੋਈ ਪਈ ਹੈ। ਘਰ ਕੋਈ ਮਹਿਮਾਨ ਆਏ ਤਾਂ ਚਾਹ, ਸ਼ਹਿਰ ਕੋਈ ਮਿਲ ਪਵੇ ਤਾਂ ਚਾਹ। ਸਿਰ ਦਰਦ ਕਰੇ ਤਾਂ ਚਾਹ, ਸਰੀਰ ਚ ਸੁਸਤੀ ਮਹਿਸੂਸ ਹੋਏ ਤਾਂ ਚਾਹ, ਹਨੇਰੀ ਆਏ ਤਾਂ ਚਾਹ,ਮੀਂਹ ਪਵੇ ਤਾਂ ਚਾਹ।ਅੱਜ,ਚਾਹ ਨੇ ਪੂਰੀ ਦੁਨੀਆਂ ਨੂੰ ਆਪਣਾ ਗੁਲਾਮ ਬਣਾ ਲਿਆ ਹੈ।

ਬੇਸ਼ਕ ਸਾਡੇ ਬਜ਼ੁਰਗ ਚਾਹ ਪੀਣੀ ਚੰਗੀ ਨਹੀਂ ਸੀ ਸਮਝਦੇ।ਉਨ੍ਹਾਂ ਦਾ ਮੰਨਣਾ ਸੀ ਕਿ ਚਾਹ ਕਲੇਜਾ ਜਾਲਦੀ ਹੈ ਮਤਲਬ ਪਾਚਣ ਸ਼ਕਤੀ ਨੂੰ ਨੁਕਸਾਨ ਪਹੁੰਚਾਉਦੀ ਹੈ। ਪਰ ਅੱਜ ਚਾਹ ਦੀ ਚੁਸਕੀ ਰਿਸ਼ਤਿਆਂ 'ਚ ਮਿਠਾਸ ਘੋਲਦੀ ਹੈ। ਰੁੱਸਿਆਂ ਨੂੰ ਮਨਾਉਂਦੀ ਹੈ ਚਾਹ, ਹੋਰ ਵੀ ਕਈ ਕੰਮ ਸਵਾਰਦੀ ਹੈ ਚਾਹ। ਚਾਹ ਦੀ ਚੁਸਕੀ ਨਾਲ ਨਵੇਂ ਦੋਸਤ ਬਣਦੇ ਹਨ,ਮੇਲ ਮਿਲਾਪ ਵਧਦਾ ਹੈ।

ਵੈਸੇ ਤਾਂ ਕਦੇ ਵੀ,ਕਿਤੇ ਵੀ ਚਾਹ ਪੀਣ ਦਾ ਵੱਖਰਾ ਹੀ ਸੁਆਦ ਹੁੰਦਾ ਹੈ। ਪਰ ਸਵੇਰੇ ਸਵੇਰੇ ਆਪਣੇ ਪਤੀ ਜਾਂ ਪਤਨੀ ਨਾਲ ਬਹਿ ਕੇ ਚਾਹ ਪੀਣ ਦਾ ਵੱਖਰਾ ਹੀ ਅਨੰਦ ਹੁੰਦਾ ਹੈ। ਕਿਉਂਕਿ ਇਹ ਫੁਰਸਤ ਦੇ ਉਹ ਪਲ ਹੁੰਦੇ ਹਨ ਜਦੋਂ ਦੋਨੋਂ ਜੀਅ,ਚਾਹ ਦੀਆਂ ਚੁਸਕੀਆਂ ਦੇ ਨਾਲ ਪਰਿਵਾਰਿਕ ਮਸਲਿਆਂ 'ਤੇ ਖੁੱਲ ਕੇ ਗੁਫਤਗੂ ਕਰਦੇ ਹਨ। ਸਵੇਰ ਦੀ ਚਾਹ 'ਤੇ ਹੀ ਬੀਤੇ ਕੱਲ੍ਹ ਦੇ ਗਿਲੇ ਸ਼ਿਕਵੇ ਦੂਰ ਹੁੰਦੇ ਹਨ।ਸਵੇਰ ਦੀ ਚਾਹ ਸਮੇਂ ਹੀ ਪੂਰੇ ਦਿਨ ਦਾ ਮੀਨੂੰ ਬਣਦਾ ਹੈ ਕਿ ਅੱਜ ਕੀ ਪਕਾਉਣਾ/ਖਾਣਾਂ ਹੈ। ਇੱਥੋਂ ਤੱਕ ਕਿ ਕਿਸ ਵਿਆਹ 'ਤੇ ਕੀ ਲੈਣ ਦੇਣ ਕਰਨਾ, ਸੱਭ ਸਵੇਰ ਦੀ ਚਾਹ ਸਮੇਂ ਹੀ ਤਹਿ ਕੀਤਾ ਜਾਂਦਾ ਹੈ।ਕਈ ਵਾਰ,ਕਿਸੇ ਕਾਰਨ, ਦੋਹਾਂ ਦਿਲਾਂ ਚ ਉਭਰਿਆ ਮਨ ਮੁਟਾਵ, ਚਾਹ ਦੀ ਇਸ ਮਿਠਾਸ ਨੂੰ ਫਿੱਕਾ ਜਿਹਾ ਕਰ ਦਿੰਦਾ ਹੈ। ਪਰ ਦੋ ਚਾਰ ਦਿਨ ਬਾਅਦ, ਜਦੋਂ ਚਾਰ ਦਿਨਾਂ ਦੇ ਗਿਲੇ ਸ਼ਿਕਵੇ ਇਸ ਚਾਹ ਵਿੱਚ ਘੁਲ ਜਾਂਦੇ ਹਨ ਤਾਂ ਸਵੇਰ ਦੀ ਇਹ ਚਾਹ ਹੋਰ ਵੀ ਮਿੱਠੀ ਲੱਗਣ ਲਗਦੀ ਹੈ ।



**ਗੁਰਦੀਪ ਸਿੰਘ ਮੁਕੱਦਮ**
**ਪਿੰਡ ਲਧਾਣਾ ਝਿੱਕਾ**
**9878160133**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com